# 5

# ਮੁਕਤੀ ਦੀ ਖ਼ੁਦਾ ਦੀ ਸਨਾਤਨ ਮਨਸ਼ਾ

## (2:4–10)

ਅਫ਼ਸੀਆਂ ਦੇ ਮਸੀਹ ਨੂੰ ਕਬੂਲ ਕਰਨ ਤੋਂ ਪਹਿਲਾਂ ਉਦਾਸ ਕਰਨ ਵਾਲੀ ਜ਼ਿੰਦਗੀ ਦੀ ਯਾਦ ਦੁਆਉਣ ਦੇ ਬਾਅਦ ਪੌਲੁਸ ਨੇ ਦਲੇਰੀ ਦਾ ਸੰਦੇਸ਼ ਦਿੱਤਾ। ਉਸ ਨੇ ਮਨੁੱਖ ਲਈ ਮੁਕਤੀ ਦੀ ਖ਼ੁਦਾ ਦੇ ਅਨੋਖੇ ਮਕਸਦ ਨੂੰ ਸਮਝਾਇਆ।

### ਪ੍ਰੇਮ ਦਾ ਮਕਸਦ (2:4)

**[4]ਪਰੰਤੂ ਪਰਮੇਸ਼ੁਰ ਨੇ ਜਿਹੜਾ ਦਯਾ ਦਾ ਧਨੀ ਹੈ ਆਪਣੇ ਉਸ ਵੱਡੇ ਪ੍ਰੇਮ ਕਰਕੇ ਜਿਸ ਤੋਂ ਉਹ ਨੇ ਸਾਡੇ ਨਾਲ ਪ੍ਰੇਮ ਕੀਤਾ।**

**ਆਇਤ 4.** ਇਹ ਐਲਾਨ ਕਰਨ ਦੇ ਬਾਅਦ ਕਿ ਅਫ਼ਸੁਸ ਦੇ ਲੋਕ ਪਾਪ ਵਿਚ ਮਰੇ ਹੋਏ ਸਨ ਅਤੇ ਸਰੀਰ ਦੀਆਂ ਕਾਮਨਾਵਾਂ ਵਿਚ ਜ਼ਿੰਦਗੀ ਕੱਟ ਰਹੇ ਸਨ, ਪੌਲੁਸ ਨੇ ਉਨ੍ਹਾਂ ਨੂੰ ''ਪਰੰਤੂ ਪਰਮੇਸ਼ੁਰ ਨੇ'' ਸ਼ਬਦਾਂ ਨਾਲ ਬੜੀ ਉਮੀਦ ਅਤੇ ਤਸੱਲੀ ਦਿੱਤੀ। ਉਸ ਨੇ ਲਿਖਿਆ, **ਪਰੰਤੂ ਪਰਮੇਸ਼ੁਰ ਨੇ ਜਿਹੜਾ ਦਯਾ ਦਾ ਧਨੀ ਹੈ ਆਪਣੇ ਉਸ ਵੱਡੇ ਪ੍ਰੇਮ ਕਰਕੇ ਜਿਸ ਤੋਂ ਉਹ ਨੇ ਸਾਡੇ ਨਾਲ ਪ੍ਰੇਮ ਕੀਤਾ।**

ਖ਼ੁਦਾ ਬਿਲਕੁਲ ਪਵਿੱਤਰ ਹੈ, ਪ੍ਰਾਚੀਨ ਇਸਰਾਏਲ ਅਤੇ ਸਾਡੇ ਲਈ ਉਸ ਦਾ ਅਨੁਵਾਦ ਹੈ, ''ਮੈਂ ਪਵਿੱਤਰ ਹਾਂ'' (ਵੇਖੋ ਲੇਵੀਆਂ ਦੀ ਪੋਥੀ 11:44, 45; 19:2; 20:26; 1 ਪਤਰਸ 1:16)। ਖ਼ੁਦਾ ਪਵਿੱਤਰ ਹੈ, ਜਿਸ ਕਰਕੇ ਉਹ ਪਾਪ ਨਾਲ ਸੰਗਤੀ ਨਹੀਂ ਰੱਖ ਸਕਦਾ (ਹਬੱਕੂਕ 1:13); ਉਹਦੇ ਲਈ ਪਾਪ ਨੂੰ ਸਜ਼ਾ ਦੇਣਾ ਲਾਜ਼ਮੀ ਹੈ (ਰੋਮੀਆਂ 6:23)। ਪਾਕ ਖ਼ੁਦਾ ਜਦ ਪਾਪ ਦਾ ਫੈਸਲਾ ਕਰਦਾ ਹੈ ਤਾਂ ਉਹ ਪਾਪੀ ਲਈ ਜਿਸ ਦੇ ਉਹ ਯੋਗ ਹੁੰਦਾ ਹੈ, ਨਿਆਂ ਕਰ ਰਿਹਾ ਹੁੰਦਾ ਹੈ। ਪਰ ਖ਼ੁਦਾ ''ਦਯਾ ਦਾ ਧਨੀ'' ਹੈ ਜਿਸ ਕਰਕੇ ਉਹ ਨਿਆਂ ਭਰੇ ਢੰਗ ਨਾਲ ਆਪਣੇ ਨਿਆਂ ਨਾਲ ਆਪਣੇ ਕ੍ਰੋਧ ਨੂੰ ਰੋਕ ਲੈਣਾ ਚਾਹੁੰਦਾ ਹੈ। ਅਦਾਲਤ ਵਿਚ ਹੋ ਸਕਦਾ ਹੈ ਕਿ ਨਿਆਂਮੰਡਲੀ ਨੂੰ ਪ੍ਰਤੀਵਾਦੀ ਪੱਖ ਅਪਰਾਧ ਦਾ ਦੋਸ਼ੀ ਲੱਗੇ ਪਰ ਉਹ ਇਸਦੇ ਬਾਵਜੂਦ ਰਹਿਮ ਦੀ ਸਿਫ਼ਾਰਿਸ਼ ਕਰ ਦਿੰਦਾ ਹੈ। ਪ੍ਰਤੀਵਾਦੀ ਦੋਸ਼ੀ ਹੈ ਜਿਸ ਕਰਕੇ ਕਾਨੂੰਨ ਦੇ ਮੁਤਾਬਿਕ ਸਜ਼ਾ ਦਾ ਹੱਕਦਾਰ ਹੈ, ਪਰ ਨਿਆਂਮੰਡਲੀ ਜੱਜ ਨੂੰ ਜਿਸ ਦਾ ਉਹ ਹੱਕਦਾਰ ਹੈ, ਉਹ ਫੈਸਲਾ ਸੁਣਾਉਣ ਤੋਂ ਰੋਕ ਸਕਦੀ ਹੈ। ਖ਼ੁਦਾ ਦੀ ਅਦਾਲਤ ਵਿਚ ਅਸੀਂ ਦੋਸ਼ੀ ਪਾਏ ਗਏ ਹਾਂ ਅਤੇ ਨਿਆਂ ਇਹ ਮੰਗ ਕਰਦਾ ਹੈ ਕਿ ਸਾਨੂੰ ਮੌਤ ਦੀ ਸਜ਼ਾ ਮਿਲੇ। ਪਰ ਖ਼ੁਦਾ ਸਾਡੇ ਨਾਲ ਆਪਣੀ ਦਯਾ ਦੇ ਮਤਾਬਿਕ ਸੌਦਾ ਕਰਨਾ ਚਾਹੁੰਦਾ ਹੈ। ਭਾਵ ਉਹ ਜਿਸ ਦੇ ਅਸੀਂ ਹੱਕਦਾਰ ਹਾਂ ਉਸ ਨੂੰ ਰੋਕਣਾ ਚਾਹੁੰਦਾ ਹੈ। ਇਹ ਯਕੀਨੀ ਬਣਾਉਣ ਲਈ ਕਿ ਖ਼ੁਦਾ ਪਾਪੀ ਨੂੰ ਆਪਣੇ ਪਾਪ ਵਿਚ ਢੀਠਪੁਣੇ ਨਾਲ ਬਣੇ ਰਹਿਣ ਅਤੇ ਅਖ਼ੀਰ ਵਿਚ ਹਮੇਸ਼ਾ ਦੀ ਮੌਤ ਦੇ ਨਿਆਂ ਨੂੰ ਪਾਉਣ ਦਵੇਗਾ; ਪਰ ਉਹ ਉਨ੍ਹਾਂ ਉੱਤੇ ਜਿਹੜੇ ਇਸ ਨੂੰ ਕਬੂਲ ਕਰਨ ਦੇ ਚਾਹਵਾਨ ਹੈ ਆਪਣੀ ਬੜੀ ਦਯਾ ਵਿਖਾਉਂਦਾ ਹੈ।

''ਪਰੰਤੂ ਪਰਮੇਸ਼ੁਰ ਨੇ'' ਵਾਕਅੰਸ਼ ਜਿਸ ਦੇ ਕਿਸੇ ਵਕਤ ਅਫ਼ਸੁਸ ਦੇ ਲੋਕ ਯੋਗ ਸਨ ਅਤੇ ਜੋ ਉਹ ਬਣ ਗਏ ਸਨ, ਉਨ੍ਹਾਂ ਵਿਚ ਸਾਫ਼ ਫ਼ਰਕ ਨੂੰ ਵਿਖਾਉਂਦਾ ਹੈ। ਖ਼ੁਦਾ ਨੇ ਪਹਿਲ ਕੀਤੀ ਕਿਉਂ

ਜੋ ਉਹ ਨਾ ਸਿਰਫ਼ ਸਚਿਆਈ ਨਾਲ ਕ੍ਰੋਧ ਕਰਨ ਵਾਲਾ ਹੁੰਦਾ ਹੈ ਬਲਕਿ ਉਹ ਦਯਾ ਦਾ ਖ਼ੁਦਾ ਵੀ ਹੈ। ਖ਼ੁਦਾ ਦਯਾ ਦਾ ਧਨੀ ਹੈ ਜਿਸ ਕਰਕੇ ਉਸ ਨੇ ਆਪਣੇ ਲੋਕਾਂ ਨੂੰ ਪਾਪ ਦੀ ਬਣਦੀ ਮਜ਼ਦੂਰੀ ਭਾਵ ਹਮੇਸ਼ਾ ਦੀ ਮੌਤ ਤੋਂ ਬਚਾ ਲਿਆ ਹੈ ਅਤੇ ਸਾਨੂੰ ਜ਼ਿੰਦਗੀ ਦਿੱਤੀ ਹੈ।

''ਆਪਣੇ ਉਸ ਪ੍ਰੇਮ ਕਰਕੇ ਜਿਸ ਤੋਂ ਉਹ ਨੇ ਸਾਡੇ ਨਾਲ ਪ੍ਰੇਮ ਕੀਤਾ'' ਉਸ ਕਾਰਣ ਨੂੰ ਵਿਖਾਉਂਦਾ ਹੈ ਜਿਸ ਨਾਲ ਖ਼ੁਦਾ ਨੇ ਉਨ੍ਹਾਂ ਉੱਤੇ ਜਿਹੜੇ ਪਾਪ ਵਿਚ ਮਰੇ ਹੋਏ ਸਨ, ਆਪਣੀ ਦਯਾ ਵਿਖਾਈ। ਦਯਾ ਪਾਪੀਆਂ ਨਾਲ ਕੀਤਾ ਗਿਆ ਖ਼ੁਦਾ ਦਾ ਵਿਹਾਰ ਹੈ ਅਤੇ ਪ੍ਰੇਮ ਪਾਪੀਆਂ ਲਈ ਉਸ ਦਾ ਇਰਾਦਾ ਹੈ। ਪੌਲੁਸ ਨੇ ਕਿਹਾ ਕਿ ਖ਼ੁਦਾ ਦੀ ਦਯਾ ਧਨਵਾਨ ਹੈ ਅਤੇ ਉਸ ਦਾ ਪ੍ਰੇਮ ਮਹਾਨ ਹੈ। ''ਕਰਕੇ'' *dia* ਦਾ ਅਨੁਵਾਦ ਹੈ ਅਤੇ ਇਸ ਦਾ ਅਰਥ ਹੈ ''ਸ਼ਾਂਤ ਕਰਨ ਲਈ''[1]; ਖ਼ੁਦਾ ਨੇ ਆਪਣੇ ਵੱਡੇ ਪ੍ਰੇਮ ਨੂੰ ਤ੍ਰਿਪਤ ਕਰਨ ਲਈ ਸਾਡੇ ਉੱਤੇ ਦਯਾ ਵਿਖਾਈ।

ਯੂਨਾਨੀ ਭਾਸ਼ਾ ਵਿਚ ''ਪ੍ਰੇਮ'' ਲਈ ਸਾਡੀ ਭਾਸ਼ਾ ਵਾਂਗ ਇਕ ਨਹੀਂ ਬਲਕਿ ਚਾਰ ਸ਼ਬਦ ਸਨ। ਵਿਲੀਅਮ ਬਾਰਕਲੇ ਨੇ ਇਨ੍ਹਾਂ ਚਾਰਾਂ ਸ਼ਬਦਾਂ ਦੇ ਅਰਥ ਚੰਗੀ ਤਰ੍ਹਾਂ ਨਾਲ ਸਮਝਾਏ ਹਨ।[2] (1) *erōs* ਸ਼ਬਦ ਮੁੱਖ ਤੌਰ ਤੇ ਤੀਵੀਂ ਮਰਦ ਵਿਚਕਾਰ ਪ੍ਰੇਮ ਜਾਂ ਜਿਸਮਾਨੀ ਪ੍ਰੇਮ ਲਈ ਹੈ। ਇਹ ਸ਼ਬਦ ਕਾਮ ਭਰੇ ਜਜ਼ਬਾਤ ਨੂੰ ਜੋੜਨ ਲਈ ਬਣਾਇਆ ਗਿਆ ਹੈ ਅਤੇ ਨਵੇਂ ਨੇਮ ਵਿਚ ਇਹ ਸ਼ਬਦ ਨਹੀਂ ਮਿਲਦਾ। (2) *storgē* ਪਰਿਵਾਰ ਦੇ ਲਗਾਅ ਨਾਲ ਜੁੜਿਆ ਸ਼ਬਦ ਹੈ ਅਤੇ ਇਸਦੀ ਵਰਤੋਂ ਬੱਚਿਆਂ ਲਈ ਮਾਪਿਆਂ ਦੇ ਜਾਂ ਮਾਪਿਆਂ ਲਈ ਬੱਚਿਆਂ ਦੇ ਪ੍ਰੇਮ ਦੇ ਰੂਪ ਵਿਚ ਕੀਤੀ ਜਾਂਦੀ ਹੈ। ਇਹ ਸ਼ਬਦ ਰੋਮੀਆਂ 12:10 ਵਿਚ ਵਿਸ਼ੇਸ਼ਣ ਰੂਪ ਵਿਚ ਮਿਲਦਾ ਹੈ ਜਿਸ ਦਾ ਅਰਥ ''ਸਮਰਪਿਤ'' (''ਗੂੜਾ ਹਿੱਤ''; KJV) ਹੈ। (3) *philia* ਪਤੀ ਅਤੇ ਪਤਨੀ ਵਿਚਕਾਰ ਪ੍ਰੇਮ ਅਤੇ ਦੋਸਤਾਂ ਵਿਚਕਾਰ ਪ੍ਰੇਮ ਦੀ ਗੱਲ ਕਰਦਾ ਸ਼ਬਦ ਹੈ। ਇਸ ਦੀ ਵਰਤੋਂ ਪਿਤਾ, ਮਾਤਾ, ਪੁੱਤਰ ਅਤੇ ਧੀ ਦੇ ਪ੍ਰੇਮ ਦੇ ਨਾਲ ਨਾਲ (ਮੱਤੀ 10:37), ਲਾਜ਼ਰ (ਯੂਹੰਨਾ 11:3, 36) ਅਤੇ ਯੂਹੰਨਾ ਲਈ (ਯੂਹੰਨਾ 20:2) ਯਿਸੂ ਦੇ ਪ੍ਰੇਮ ਦੇ ਵੇਰਵੇ ਲਈ ਕੀਤਾ ਗਿਆ ਹੈ। (4) ਨਵੇਂ ਨੇਮ ਵਿਚ ਅਨੁਵਾਦ ਹੋਣ ਵਾਲਾ ਸਭ ਤੋਂ ਆਮ ਸ਼ਬਦ ''ਪ੍ਰੇਮ'' *agapē* ਹੈ। ਇਹ ਸ਼ਬਦ ਪ੍ਰਾਚੀਨ ਯੂਨਾਨੀ ਭਾਸ਼ਾ ਵਿਚ ਆਮ ਨਹੀਂ ਸੀ ਪਰ ਨਵੇਂ ਨੇਮ ਵਿਚ ਇਹ ''ਪ੍ਰੇਮ'' ਲਈ ਮੁੱਖ ਸ਼ਬਦ ਬਣ ਗਿਆ।

ਨਵੇਂ ਨੇਮ ਵਿਚ *ਅਗਾਪੇ* ਸ਼ਬਦ ਆਪਣੇ ਨਾਉਂ ਅਤੇ ਕਿਰਿਆ ਰੂਪਾਂ ਵਿਚ 250 ਤੋਂ ਵੱਧ ਵਾਰ ਆਇਆ ਹੈ। ਇਹ ''ਪ੍ਰੇਮ'' ਲਈ ਸਭ ਤੋਂ ਅਹਿਮ ਸ਼ਬਦ ਹੈ ਕਿਉਂ ਜੋ ਪ੍ਰੇਮ ਦੀ ਨਵੇਂ ਨੇਮ ਦੀ ਧਾਰਣਾ ਨੂੰ ਸਮਝਣ ਲਈ ਸਿਰਫ਼ ਇਹੀ ਕਾਫ਼ੀ ਹੈ। ਸਿਰਫ਼ ਅਗਾਪੇ ਹੀ ਉਸ ਨੂੰ ਵਿਖਾ ਸਕਦਾ ਹੈ ਜਿਸ ਨੂੰ ਖ਼ੁਦਾ ਦੇਣਾ ਚਾਹੁੰਦਾ ਸੀ। ''ਪ੍ਰੇਮ'' ਲਈ ਹੋਰ ਸ਼ਬਦਾਂ ਵਿਚ ਅਣਚਾਹੀਆਂ ਭਾਵਨਾਵਾਂ ਜਾਂ ਜਜ਼ਬਾਤ ਵਿਖਾਏ ਜਾਂਦੇ ਹਨ ਜਿਵੇਂ ''ਪ੍ਰੇਮ ਵਿਚ ਪੈਣਾ'' ਜਾਂ ਆਪਣੇ ਬੱਚੇ ਲਈ ਮਾਂ ਦਾ ਕੁਦਰਤੀ ਪਿਆਰ, ਪਰ *ਅਗਾਪੇ* ਵਿਚ ਚਾਹ ਪਾਈ ਜਾਂਦੀ ਹੈ। ਇਹ ਪ੍ਰੇਮ ਜਾਣ ਬੁੱਝ ਕੇ ਕੀਤੇ ਗਏ ਫੈਸਲੇ ਦਾ ਨਤੀਜਾ ਭਾਵ ਉਹ ਸੋਚ ਹੈ ਜਿਹੜੀ ਆਦਮੀ ਨੂੰ ਕਿਸੇ ਦੂਜੇ ਨਾਲ ਪ੍ਰੇਮ ਕਰਨ ਦਿੰਦੀ ਅਤੇ ਹਰ ਹਾਲ ਵਿਚ ਉਸ ਦਾ ਭਲਾ ਚਾਹੁੰਦੀ ਹੈ। *agapē* ''ਅਜਿੱਤ, ਪਰੋਪਕਾਰ ਅਤੇ ਅਜੈ ਸਦਭਾਵ'' ਹੈ।[3] ਨਵਾਂ ਨੇਮ ਦੱਸਦਾ ਹੈ ਕਿ ਮਨੁੱਖ ਲਈ ਪਰਮੇਸ਼ੁਰ ਦਾ ਇਹ ਪ੍ਰੇਮ ਵਿਸ਼ਵਿਆਪੀ ਅਤੇ ਕੁਰਬਾਨੀ ਭਰਿਆ ਹੈ (ਯੂਹੰਨਾ 3:16),ਜਿਸ ਦੇ ਕੋਈ ਯੋਗ ਨਾ ਹੋਵੇ (ਰੋਮੀਆਂ 5:8), ਬਚਾਉਣ ਵਾਲਾ ਅਤੇ ਪਵਿੱਤਰ ਕਰਨ ਵਾਲਾ ਹੈ (2 ਥੱਸਲੁਨੀਕੀਆਂ 2:13)। ਅਫ਼ਸੀਆਂ 2:4 ਵਿਚ ਇਸ ਨੂੰ ਕਿਰਪਾ ਭਰਿਆ ਪ੍ਰੇਮ ਵਿਖਾਇਆ ਗਿਆ ਹੈ। *agapē* ਉਸ ਸਭ ਲਈ ਜੋ ਖ਼ੁਦਾ ਨੇ ਪਾਪੀਆਂ ਲਈ ਕੀਤਾ ਹੈ ਪ੍ਰੇਰਣਾ ਹੈ।

## ਜ਼ਿੰਦਗੀ ਦਾ ਮਕਸਦ (2:5)

**[5]ਜਦੋਂ ਅਸੀਂ ਅਪਰਾਧਾਂ ਦੇ ਕਾਰਣ ਮੁਰਦੇ ਹੀ ਸਾਂ ਤਦੋਂ ਸਾਨੂੰ ਮਸੀਹ ਦੇ ਨਾਲ ਜਿਵਾਲਿਆ (ਕਿਰਪਾ ਤੋਂ ਹੀ ਤੁਸੀਂ ਬਚਾਏ ਗਏ ਹੋ)।**

**ਆਇਤ 5.** ਅਗਲੀਆਂ ਆਇਤਾਂ ਵਿਚ ਪੌਲੁਸ ਨੇ ਹੋਰ ਖੋਲ ਕੇ ਸਮਝਾਇਆ ਕਿ ਉਹ ਕਿਰਪਾਲੂ ਅਤੇ ਦਿਆਲੂ ਪ੍ਰੇਮ ਜਿਹੜਾ ਖ਼ੁਦਾ ਦਾ ਲੋਕਾਂ ਵਾਸਤੇ ਹੈ ਉਹ ਕੀ ਹੈ। ਪੌਲੁਸ ਨੇ ਆਇਤ 1 ਵਿਚ ਦੱਸੀ ਰੂਹਾਨੀ ਮੌਤ ਦੀ ਹਾਲਤ ਉੱਤੇ ਜ਼ੋਰ ਦਿੱਤਾ ਅਤੇ ਕਿਹਾ ਕਿ ਪਾਪੀ ਲੋਕ *[ਆਪਣੇ]* **ਅਪਰਾਧਾਂ ਦੇ ਕਾਰਣ** ਮਰੇ ਹੋਏ ਹਨ। ਅਜਿਹੇ ਪਾਪੀਆਂ ਲਈ ਖ਼ੁਦਾ ਨੇ ਆਪਣੀ ਦਯਾ ਅਤੇ ਪ੍ਰੇਮ ਵਿਖਾਇਆ ਹੈ। ਉਹੀ ਯੂਨਾਨੀ ਸ਼ਬਦ *paraptōma* ਜਿਸਦਾ ਅਨੁਵਾਦ ''ਅਪਰਾਧਾਂ'' ਹੋਇਆ ਹੈ ਆਇਤ 1 ਵਿਚ ਵੀ ਉਸ ਦਾ ਅਨੁਵਾਦ ''ਅਪਰਾਧਾਂ'' ਹੋਇਆ ਹੈ। **ਜਦੋਂ ਅਸੀਂ ਮੁਰਦੇ ਸਾਂ** ਇਹ ਵਿਖਾਉਂਦਾ ਹੈ ਕਿ ਖ਼ੁਦਾ ਨੇ ਸਾਨੂੰ ਕਿੰਨਾਂ ਪ੍ਰੇਮ ਕੀਤਾ ਅਤੇ ਹਰ ਪਾਪੀ ਉੱਤੇ ਦਯਾ ਵਿਖਾਈ। ਪਾਪੀਆਂ ਨੂੰ ਜਿਹੜੇ ਅਜੇ ਵੀ ਆਪਣੀ ਪਾਪ ਭਰੀ ਹਾਲਤ ਵਿਚ ਸਾਨੂੰ ਬਚਾਉਣ ਲਈ ਕੰਮ ਕਰਕੇ ਖ਼ੁਦਾ ਨੇ ਹਰ ਲੋੜੀਂਦੀ ਗੱਲ ਕੀਤੀ।

ਉਸ ਨੇ ਇਨ੍ਹਾਂ ਪਾਪੀਆਂ ਨਾਲ ਕੀ ਕੀਤਾ? ਉਸ ਨੇ **ਸਾਨੂੰ ਮਸੀਹ ਦੇ ਨਾਲ ਜਿਵਾਲਿਆ।** ਖ਼ੁਦਾ ਨੇ ਸਾਨੂੰ ਮਸੀਹ ਵਿਚ ਰੂਹਾਨੀ ਜ਼ਿੰਦਗੀ ਦਿੱਤੀ। ਜੇ ਰੂਹਾਨੀ ਮੌਤ ਖ਼ੁਦਾ ਤੋਂ ਅੱਡ ਹੋਣਾ ਹੈ (ਵੇਖੋ 2:1), ਤਾਂ ਰੂਹਾਨੀ ਜ਼ਿੰਦਗੀ ਖ਼ੁਦਾ ਨਾਲ ਮੇਲ ਹੈ। ਮਸੀਹ ਵੱਡਾ ਮੇਲ ਕਰਾਉਣ ਵਾਲਾ ਹੈ। ਪੌਲੁਸ ਨੇ ਆਖਿਆ ਕਿ ''ਮਸੀਹ ਦੇ ਲਹੂ'' (2:13), ਭਾਵ ਮਸੀਹ ਦੇ ਸਲੀਬ ਦਿੱਤੇ ਜਾਣ ਨਾਲ ਮਸੀਹ ਲਈ ਸਾਨੂੰ ਖ਼ੁਦਾ ਨਾਲ ''ਮਿਲਾਉਣਾ'' ਸੰਭਵ ਹੋਇਆ (2:16)। ਅਸੀਂ ਇਸ ਨੂੰ ਉਦੋਂ ਕਬੂਲ ਕਰਦੇ ਹਾਂ ਜਦੋਂ ਅਸੀਂ ਪਾਪ ਲਈ ਮਰਦੇ ਅਤੇ ਮਸੀਹ ਵਿਚ ਬਪਤਿਸਮਾ ਲੈਂਦੇ ਅਤੇ ਜ਼ਿੰਦਗੀ ਦੇ ਨਵੇਂਪਣ ਵਿਚ ਚੱਲਣ ਲਈ ਜੀ ਉੱਠਦੇ ਹਾਂ (ਰੋਮੀਆਂ 6:1–4)। ਮਸੀਹੀ ਲੋਕਾਂ ਨੂੰ ਮਸੀਹ ਦੀ ਮੌਤ ਅਤੇ ਉਸ ਦੇ ਜੀ ਉੱਠਣ ਵਿਚ ਉਸ ਦੇ ਨਾਲ ਮਿਲਾਇਆ ਜਾਂਦਾ ਹੈ। ਇਸ ਤਰ੍ਹਾਂ ਨਾਲ ਸਾਨੂੰ ਨਵੀਂ ਜ਼ਿੰਦਗੀ ਮਿਲਦੀ ਹੈ। ਗਲਾਤੀਆਂ 2:20 ਵਿਚ ਪੌਲੁਸ ਨੇ ਇਸੇ ਵਿਚਾਰ ਨੂੰ ਪੜ੍ਹਿਆ ਜਦੋਂ ਉਸ ਨੇ ਆਖਿਆ, ''ਮੈਂ ਮਸੀਹ ਦੇ ਨਾਲ ਸਲੀਬ ਦਿੱਤਾ ਗਿਆ ਹਾਂ ਪਰ ਹੁਣ ਤੋਂ ਮੈਂ ਤਾਂ ਨਹੀਂ ਜੀਉਂਦਾ ਸਗੋਂ ਮਸੀਹ ਮੇਰੇ ਵਿਚ ਜੀਉਂਦਾ ਹੈ ਅਤੇ ਹੁਣ ਜਿਹੜਾ ਜੀਵਨ ਸਰੀਰ ਵਿਚ ਭੋਗਦਾ ਹਾਂ ਸੋ ਪਰਮੇਸ਼ੁਰ ਦੇ ਪੁੱਤਰ ਉੱਤੇ ਨਿਹਚਾ ਨਾਲ ਭੋਗਦਾ ਹਾਂ ਜਿਹ ਨੇ ਮਰੇ ਨਾਲ ਪ੍ਰੇਮ ਕੀਤਾ ਅਤੇ ਆਪਣੇ ਆਪ ਨੂੰ ਮੇਰੇ ਲਈ ਦੇ ਦਿੱਤਾ।'' ਮਸੀਹ ਦੀ ਮੌਤ ਵਿਚ ਉਸ ਦੇ ਨਾਲ ਸਾਡੀ ਪਛਾਣ ਸਾਡੇ ਅੰਦਰ ਦੇ ਪਾਪ ਦੀ ਤਾਕਤ ਉੱਤੇ ਜ਼ੋਰ ਦਿੰਦੀ ਹੈ। ਉਸ ਦੇ ਜੀ ਉੱਠਣ ਨਾਲ ਸਾਡੀ ਪਛਾਣ ਨਾਲ ਰੂਹਾਨੀ ਜ਼ਿੰਦਗੀ ਮਿਲਦੀ ਹੈ।[4]

ਮਨੁੱਖ ਜਾਤੀ ਲਈ ਖ਼ੁਦਾ ਦੇ ਮਹਾਨ ਪ੍ਰੇਮ ਕਰਕੇ ਉਹ ਪਾਪੀਆਂ ਨੂੰ ਆਪਣੇ ਨਾਲ ਮਿਲਾਉਂਦਾ ਅਤੇ ਸਾਨੂੰ ਰੂਹਾਨੀ ਜ਼ਿੰਦਗੀ ਦਿੰਦਾ ਹੈ। 2 ਕੁਰਿੰਥੀਆਂ 5:17, 18 ਵਿਚ ਪੌਲੁਸ ਨੇ ਇਸ ਨੂੰ ਇਸ ਤਰ੍ਹਾਂ ਕਿਹਾ ਹੈ: ''ਸੋ ਜੇ ਕੋਈ ਮਸੀਹ ਵਿਚ ਹੈ ਉਹ ਨਵੀਂ ਸਰਿਸਟ ਹੈ; ... ਸਾਰੀਆਂ ਗੱਲਾਂ ਪਰਮੇਸ਼ੁਰ ਤੋਂ ਹਨ ਜਿੰਨ੍ਹੇ ਮਸੀਹ ਦੇ ਰਾਹੀਂ ਸਾਨੂੰ ਆਪਣੇ ਨਾਲ ਮਿਲਾ ਲਿਆ। ...''

ਕੁਲੁੱਸੀਆਂ 2:12, 13 ਵਿਚ ਇਹ ਦਸਦਿਆਂ ਕਿ ਕੁਲੁੱਸੇ ਦੇ ਲੋਕਾਂ ਨੂੰ ਉਨ੍ਹਾਂ ਦੇ ਅਪਰਾਧਾਂ ਦੀ ਮੌਤ ਤੋਂ ਜਿਵਾਇਆ ਗਿਆ ਸੀ ਪੌਲੁਸ ਨੇ ਇਸ ਵਿਚਾਰ ਨੂੰ ਹੋਰ ਵਿਸਤਾਰ ਨਾਲ ਦੱਸਿਆ ਕਿ ਖ਼ੁਦਾ ਨੇ ਉਨ੍ਹਾਂ ਨੂੰ ਬਪਤਿਸਮਾ ਲੈਣ ਵੇਲੇ ਮਾਫ਼ ਕਰ ਦਿੱਤਾ ਸੀ। ਪਾਪ ਨਾਲ ਰੂਹਾਨੀ ਮੌਤ ਆਈ ਜਦਕਿ ਹੁਕਮ ਮੰਨਣ ਨਾਲ ਮਾਫ਼ੀ, ਮੇਲ ਮਿਲਾਪ ਅਤੇ ਜ਼ਿੰਦਗੀ ਮਿਲੀ। ਦਯਾ ਦੀ ਪ੍ਰੇਰਣਾ ਨਾਲ ਖ਼ੁਦਾ ਦੇ ਵੱਡੇ ਪ੍ਰੇਮ ਕਰਕੇ ਇਹ ਸਭ ਸੰਭਵ ਹੋ ਸਕਿਆ।

ਖ਼ੁਦਾ ਦੀ ਦਯਾ ਅਤੇ ਪ੍ਰੇਮ ਉਸ ਦੀ **ਕਿਰਪਾ** ਕਰਕੇ ਹੋਇਆ। ਯੂਨਾਨੀ ਭਾਸ਼ਾ ਵਿਚ ''ਕਿਰਪਾ''

ਲਈ ਨਾਉਂ ਸ਼ਬਦ *charis* ਹੈ ਜਿਸ ਦਾ ਅਰਥ ਹੈ ''ਅਣਕਮਾਈ ਅਤੇ ਉਹ ਕਿਰਪਾ'' ਜਿਸ ਦਾ ਕੋਈ ਹੱਕਦਾਰ ਨਾ ਹੋਵੇ ਜਿਸ ਨਾਲ ਮਾਫ਼ੀ ਲਈ ਅਨੰਦ ਅਤੇ ਸ਼ੁਕਰਗੁਜ਼ਾਰੀ ਹੋਵੇ।[5] ''ਕਿਰਪਾ'' ਮੁਕਤੀ ਵਿਚ ਖ਼ੁਦਾਈ ਪਹਿਲ ਦੀ ਗੱਲ ਕਰਦੀ ਹੈ। ਮੁਕਤੀ ਸਾਨੂੰ ਇਸ ਕਰਕੇ ਨਹੀਂ ਦਿੱਤੀ ਜਾਂਦੀ ਕਿ ਅਸੀਂ ਚੰਗੇ ਹਾਂ ਜਾਂ ਸਾਡੇ ਕਰਮ ਚੰਗੇ ਹਨ ਬਲਕਿ ਇਹ ਖ਼ੁਦਾ ਦੀ ਕਿਰਪਾ ਦੇ ਕਾਰਣ ਦਿੱਤੀ ਜਾਂਦੀ ਹੈ। ਜੇ ਮੁਕਤੀ ਨੂੰ ਕਮਾਇਆ ਜਾ ਸਕਦਾ, ਇਸ ਉੱਤੇ ਹੱਕ ਜਤਾਇਆ ਜਾ ਸਕਦਾ, ਤਾਂ ਇਹ ਕਿਰਪਾ ਨਾਲ ਨਹੀਂ ਹੋਣੀ ਸੀ। ਪੌਲੁਸ ਨੇ ਲੋਕਾਂ ਲਈ ਬਿਨਾਂ ਚਰਮਾਂ ਤਕ ਬਿਨਾਂ ਬੁਝੇ ਇਹ ਸਮਝਣਾ ਮੁਸ਼ਕਿਲ ਹੈ। ਕਈ ਤਾਂ ਇਹ ਕਹਿਣਗੇ ਕਿ ਜੇ ਬਚਾਇਆ ਜਾਣਾ ਜਾਂ ਮੁਕਤੀ ਕਿਰਪਾ ਨਾਲ ਹੁੰਦੀ ਹੈ ਤਾਂ ਸਾਨੂੰ ਬਚਾਏ ਜਾਣ ਲਈ ਇਸ ਦੀ ਲੋੜ ਨਹੀਂ ਹੈ। ਪਰ ਬਾਈਬਲ ਇਸ ਤਰ੍ਹਾਂ ਕਦੇ ਨਹੀਂ ਕਹਿੰਦੀ। ਹੋਰ ਲੋਕ ਇਹ ਕਹਿਣਗੇ ਕਿ ਸਾਨੂੰ ਬਚਾਏ ਜਾਣ ਲਈ ਐਨੇ ਕੁ ਭਲੇ ਕੰਮ ਕਰਨੇ ਚਾਹੀਦੇ ਹਨ ਕਿ ਸਾਡੀ ਮੁਕਤੀ ਹੋ ਸਕੇ। ਜ਼ਾਹਿਰ ਹੈ ਕਿ ਉਨ੍ਹਾਂ ਨੂੰ ਲਗਦਾ ਹੈ ਕਿ ਸਾਡੀ ਮੁਕਤੀ ਤਦੇ ਹੋ ਸਕਦੀ ਹੈ ਜਦ ਸਾਡੇ ਭਲੇ ਕੰਮ ਸਾਡੇ ਬੁਰੇ ਕੰਮਾਂ ਨਾਲੋਂ ਵੱਧ ਹੋਣ। ਇਸ ਵਿਚਾਰ ਨੂੰ ਨਾ ਤਾਂ ਖ਼ੁਦਾ ਦੀ ਕਿਰਪਾ ਦੀ ਸਮਝ ਹੈ ਅਤੇ ਨਾ ਹੀ ਇਹ ਇਸ ਨੂੰ ਮੰਨਦਾ ਹੈ। ਇਹ ਮੰਨਦਾ ਹੈ ਕਿ ਇਕ ਵੀ ਪਾਪ ਸਾਨੂੰ ਖ਼ੁਦਾ ਨਾਲ ਸਹੀ ਸਬੰਧ ਨੂੰ ਬਣਾਉਣ ਦੇ ਅਯੋਗ ਬਣਾ ਦਿੰਦਾ ਹੈ। ਆਇਤ 8 ਅਤੇ 9 ਵਿਚ ਪੌਲੁਸ ਨੇ ਸਮਝਾਇਆ ਕਿ ਅਸੀਂ ਖ਼ੁਦਾ ਦੀ ਕਿਰਪਾ ਨੂੰ ਕਿਵੇਂ ਮੰਨੀਏ।

**ਬਚਾਏ ਗਏ ਹੋ** ਯੂਨਾਨੀ ਭਾਸ਼ਾ ਵਿਚ ਸੰਪੂਰਣ ਕਰਮਵਾਚ ਕ੍ਰਿਦੰਤ ਹੈ। ਭਾਵ ਇਹ ਅਤੀਤ ਵਿਚ ਹੋਏ ਕਿਸੇ ਕੰਮ ਦੇ ਨਤੀਜੇ ਦਾ ਸੰਕੇਤ ਦਿੰਦਾ ਹੈ ਜਿਸ ਦਾ ਫ਼ਲ ਭਵਿੱਖ ਦੇ ਨਾਲ ਨਾਲ ਵਰਤਮਾਨ ਵਿਚ ਵੀ ਮਿਲਦਾ ਹੈ। ਇੱਥੇ ਕਰਮਵਾਚ ਦੀ ਵਰਤੋਂ ਇਹ ਵਿਖਾਉਂਦੀ ਹੈ ਕਿ ਬਚਾਏ ਜਾਣਾ ਸਾਡੇ ਲਈ ਕੀਤਾ ਗਿਆ ਕੁਝ ਕੰਮ ਹੈ ਨਾ ਕਿ ਉਹ ਜਿਸ ਨੂੰ ਅਸੀਂ ਆਪਣੇ ਆਪ ਕਰ ਸਕਦੇ ਹਾਂ। ਅਸੀਂ ਖ਼ੁਦਾ ਤੇ ਨਿਰਭਰ ਹਾਂ। ਇਸ ਸੰਦਰਭ ਵਿਚ ਪੌਲੁਸ ਨੇ ਭੂਤ, ਵਰਤਮਾਨ ਅਤੇ ਭਵਿੱਖ ਵਿਚ ਬਚਾਏ ਜਾਣ ਦੀ ਗੱਲ ਕੀਤੀ। ਉਸ ਨੇ ਕਿਹਾ ਕਿ ਅਸੀਂ ਬਚਾਏ ਗਏ ਹਾਂ (ਭੂਤ), ਅਸੀਂ ਰੂਹਾਨੀ ਖੇਤਰ ਵਿਚ ਮਸੀਹ ਦੇ ਨਾਲ ਬੈਠੇ ਹਾਂ (ਵਰਤਮਾਨ) ਅਤੇ ਆਉਣ ਵਾਲੇ ਯੁੱਗਾਂ ਵਿਚ ਅਸੀਂ ਖ਼ੁਦਾ ਦੀ ਦਯਾ ਦੇ ਪਾਤਰ ਹੋਵਾਂਗਾ (ਭਵਿੱਖ)। ਅਤੀਤ ਵਿਚ ਮਸੀਹੀ ਵਿਅਕਤੀ ਨੂੰ ਧਰਮੀ ਠਹਿਰਾਇਆ ਗਿਆ ਸੀ, ਵਰਤਮਾਨ ਵਿਚ ਉਹ ਮਸੀਹ ਦੇ ਸਰੂਪ ਵਿਚ ਵਧ ਰਿਹਾ ਹੈ ਅਤੇ ਭਵਿੱਖ ਵਿਚ ਉਸ ਨੂੰ ਮਹਿਮਾ ਦਿੱਤੀ ਜਾਵੇਗੀ।

## ਵਿਰਾਸਤ ਦਾ ਮਕਸਦ (2:6-10)

**6ਅਤੇ ਉਹ ਨੇ ਸਾਨੂੰ ਉਸ ਦੇ ਨਾਲ ਉਠਾਇਆ ਅਰ ਸਾਨੂੰ ਮਸੀਹ ਯਿਸੂ ਵਿਚ ਸੁਰਗੀ ਥਾਵਾਂ ਉੱਤੇ ਉਸ ਦੇ ਨਾਲ ਬਹਾਲਿਆ। 7ਭਈ ਦਿਆਲਗੀ ਨਾਲ ਜੋ ਮਸੀਹ ਯਿਸੂ ਵਿਚ ਸਾਡੇ ਉੱਤੇ ਹੈ ਉਹ ਆਉਣ ਵਾਲਿਆਂ ਜੁੱਗਾਂ ਵਿਚ ਆਪਣੀ ਕਿਰਪਾ ਦਾ ਬੇਹੱਦ ਧਨ ਉਜਾਗਰ ਕਰੇ। 8ਕਿਉਂ ਜੋ ਤੁਸੀਂ ਕਿਰਪਾ ਤੋਂ ਨਿਹਚਾ ਦੇ ਰਾਹੀਂ ਬਚਾਏ ਗਏ ਅਤੇ ਇਹ ਤੁਹਾਡੀ ਵੱਲੋਂ ਨਹੀਂ, ਇਹ ਪਰਮੇਸ਼ੁਰ ਦੀ ਬਖ਼ਸ਼ੀਸ਼ ਹੈ। 9ਇਹ ਕਰਨੀਆਂ ਤੋਂ ਨਹੀਂ ਅਜਿਹਾ ਨਾ ਹੋਵੇ ਭਈ ਕੋਈ ਘੁਮੰਡ ਕਰੇ। 10ਕਿਉਂ ਜੋ ਅਸੀਂ ਉਹ ਦੀ ਰਚਨਾ ਹਾਂ ਜਿਹੜੇ ਮਸੀਹ ਯਿਸੂ ਵਿਚ ਸ਼ੁਭ ਕਰਮਾਂ ਲਈ ਰਚੇ ਗਏ ਜੋ ਪਰਮੇਸ਼ੁਰ ਨੇ ਅੱਗੋਂ ਹੀ ਤਿਆਰ ਕੀਤੇ ਸਨ ਭਈ ਅਸੀਂ ਉਨ੍ਹਾਂ ਵਿਚ ਲੱਗੇ ਰਹੀਏ।**

**ਆਇਤ 6.** ਸਾਨੂੰ ਬਚਾਉਣ ਦੇ ਇਲਾਵਾ ਖ਼ੁਦਾ ਨੇ ਸਾਡੇ ਲਈ ਇਕ ਅਮੀਰ ਅਤੇ ਜਲਾਲੀ ਵਿਰਾਸਤ ਵੀ ਤਿਆਰ ਕੀਤੀ ਹੈ (ਵੇਖੋ 1:18)।

ਖ਼ੁਦਾ ਨੇ ਮਸੀਹੀ ਲੋਕਾਂ ਨੂੰ ''ਮਸੀਹ ਦੇ ਨਾਲ ਜਿਵਾਲਿਆ'' (2:5) **ਅਤੇ ਸਾਨੂੰ ਉਸ ਦੇ ਨਾਲ**

**ਉਠਾਇਆ।** ਰੋਮੀਆਂ 6:1–18 ਵਿਚ ਪੌਲਸ ਨੇ ਇਸ ਧਾਰਣਾ ਨੂੰ ਕੁਝ ਵਿਸਤਾਰ ਨਾਲ ਦੱਸਿਆ। (1) ਉਸ ਨੇ ਦੱਸਿਆ ਕਿ ਮਸੀਹੀ ਆਦਮੀ ਪਾਪ ਲਈ ਮਰ ਗਿਆ ਹੈ, ਜਿਵੇਂ ਕਿ ਇਸ ਤੱਥ ਤੋਂ ਸੰਕੇਤ ਮਿਲਦਾ ਹੈ ਕਿ ਬਪਤਿਸਮੇ ਵਿਚ ਮਸੀਹ ਦੇ ਨਾਲ ਉਸ ਨੂੰ ਦਫ਼ਨਾ ਦਿੱਤਾ ਗਿਆ ਹੈ ਅਤੇ ਨਵੀਂ ਜ਼ਿੰਦਗੀ ਜੀਣ ਲਈ ਉਹ ਉਠ ਜੀ ਉੱਠਿਆ ਹੈ। (2) ਮਸੀਹੀ ਆਦਮੀ ਮਸੀਹ ਦੇ ਨਾਲ ਮਰ ਗਿਆ ਅਤੇ ਹੁਣ ਉਹ ਪਾਪ ਦਾ ਗੁਲਾਮ ਨਹੀਂ ਹੈ। (3) ਮਸੀਹੀ ਆਦਮੀ ਆਪਣੇ ਆਪ ਨੂੰ ਪਾਪ ਲਈ ਮਰਿਆ ਹੋਇਆ ਅਤੇ ਖ਼ੁਦਾ ਲਈ ਜ਼ਿੰਦਾ ਮੰਨਦਾ ਹੈ। (4) ਮਸੀਹੀ ਆਦਮੀ ਆਪਣੇ ਆਪ ਨੂੰ ਖ਼ੁਦਾ ਅੱਗੇ ਇਸ ਤਰ੍ਹਾਂ ਨਾਲ ਉਸ ਵਿਅਕਤੀ ਦੇ ਰੂਪ ਵਿਚ ਪੇਸ਼ ਕਰਦਾ ਹੈ ਜਿਹੜਾ ਰੂਹਾਨੀ ਤੌਰ ਤੇ ਜੀ ਉੱਠਿਆ ਹੈ। (5) ਮਸੀਹੀ ਆਦਮੀ ਨੂੰ ਉਸ ਮੌਤ ਤੋਂ ਛੁਡਾ ਲਿਆ ਗਿਆ ਹੈ ਜਿਹੜੀ ਪਾਪ ਦੇ ਕਾਰਣ ਹੋਈ ਅਤੇ ਹੁਣ ਉਹ ਧਾਰਮਿਕਤਾ ਦਾ ਸੇਵਕ ਬਣਨ ਲਈ ਜੀਉਂਦਾ ਹੈ ਕਿਉਂ ਜੋ ਉਹ ਨੂੰ ''ਜਿਸ ਸਿੱਖਿਆ ਦੇ ਸਾਂਚੇ ਵਿਚ ਢਾਲਿਆ ਗਿਆ ਮਨੋਂ ਉਹ ਦਾ ਆਗਿਆਕਾਰ'' ਹੋ ਗਿਆ (ਰੋਮੀਆਂ 6:17)।

ਰੋਮ ਵਿਚ ਮਸੀਹੀ ਲੋਕਾਂ ਨੂੰ ਦਿੱਤੀ ਗਈ ਸਿੱਖਿਆ ਜਾਂ ਡਾਕਟ੍ਰਿਨ ਉਹ ਹੀ ਸਚਿਆਈ ਹੈ, ਜਿਸ ਦਾ ਪ੍ਰਚਾਰ ਪੌਲੁਸ ਹਰ ਥਾਂ ਕਰਦਾ ਸੀ: ''ਮਸੀਹ ਪੁਸਤਕਾਂ ਦੇ ਅਨੁਸਾਰ ਸਾਡਿਆਂ ਪਾਪਾਂ ਦੇ ਕਾਰਨ ਮੋਇਆ। ਅਤੇ ਇਹ ਕਿ ਦੱਬਿਆ ਗਿਆ ਅਤੇ ਇਹ ਕਿ ਪੁਸਤਕਾਂ ਦੇ ਅਨੁਸਾਰ ਤੀਜੇ ਦਿਹਾੜੇ ਜੀ ਉੱਠਿਆ'' (1 ਕੁਰਿੰਥੀਆਂ 15:3, 4)। ਇਹ ਡਾਕਟਰੀਨ ਜਾਂ ਸਿੱਖਿਆ ਉਹ ਸਾਂਚਾ ਜਾਂ ਨਮੂਨਾ ਸੀ ਜਿਸ ਵਿਚ ਉਨ੍ਹਾਂ ਨੂੰ ਢਾਲਿਆ ਗਿਆ। ਜਿਵੇਂ ਮਸੀਹ ਸਾਡੇ ਪਾਪਾਂ ਲਈ ਮਰ ਗਿਆ ਉਵੇਂ ਹੀ ਰੋਮੀ ਲੋਕ ਪਾਪ ਲਈ ਮਰ ਗਏ ਸਨ। ਜਿਵੇਂ ਮਸੀਹ ਨੂੰ ਦਫ਼ਨਾ ਦਿੱਤਾ ਗਿਆ ਸੀ ਉਵੇਂ ਹੀ ਰੋਮੀਆਂ ਨੂੰ ਬਪਤਿਸਮੇ ਵਿਚ ਮਸੀਹ ਦੇ ਨਾਲ ਦਫ਼ਨਾ ਦਿੱਤਾ ਗਿਆ ਸੀ। ਜਿਵੇਂ ਮਸੀਹ ਜੀ ਉੱਠਿਆ ਸੀ ਉਵੇਂ ਹੀ ਰੋਮੀਆਂ ਨੂੰ ਨਵੀਂ ਜ਼ਿੰਦਗੀ ਲਈ ਜਿਵਾ ਦਿੱਤਾ ਗਿਆ (ਰੋਮੀਆਂ 6:1–6)। ਕਹਿਣ ਦਾ ਮਤਲਬ ਇਹ ਹੈ ਕਿ ਉਹ ਮਸੀਹ ਦੇ ਨਾਲ ਜ਼ਿੰਦਾ ਕੀਤੇ ਗਏ ਸਨ।

ਕੁਲੁੱਸੀਆਂ 2:12 ਅਤੇ 3:1 ਵਿਚ ਪੌਲੁਸ ਨੇ ਇਸੇ ਵਿਚਾਰ ਨੂੰ ਫੜਿਆ ਜਦ ਉਸ ਨੇ ਕੁਲੁੱਸੀਆਂ ਨੂੰ ''ਬਪਤਿਸਮਾ ਵਿਚ ਉਹ ਦੇ ਨਾਲ ਦਫ਼ਨਾਏ'' ਅਤੇ ''ਪਰਮੇਸ਼ੁਰ ਦੀ ਕਰਨੀ ਉੱਤੇ ਨਿਹਚਾ ਰੱਖ ਕੇ ਉਹ ਦੇ ਨਾਲ ਉਠਾਏ ਵੀ ਗਏ'' ਹੋਣ ਦੇ ਰੂਪ ਵਿਚ ਵਿਖਾਇਆ। ਬਪਤਿਸਮੇ ਵੇਲੇ ਉਨ੍ਹਾਂ ਨੇ ਆਪਣੇ ਵਿਸ਼ਵਾਸ ਨੂੰ ਵਿਖਾਇਆ ਸੀ ਕਿ ਖ਼ੁਦਾ ਆਪਣੇ ਵਾਅਦੇ ਅਨੁਸਾਰ ਕੰਮ ਕਰੇਗਾ ਕਿ ''ਜਿਹੜਾ ਨਿਹਚਾ ਕਰੇ ਅਤੇ ਬਪਤਿਸਮਾ ਲਵੇ ਉਹ ਬਚਾਇਆ ਜਾਵੇਗਾ'' (ਮਰਕੁਸ 16:16)। ਪੌਲੁਸ ਨੇ ਕੁਲੁੱਸੇ ਦੇ ਲੋਕਾਂ ਨੂੰ ਜਿਨ੍ਹਾਂ ਨੂੰ ਮਸੀਹ ਦੇ ਨਾਲ ਜ਼ਿੰਦਾ ਕੀਤਾ ਗਿਆ ਸੀ ''ਉਤਾਹਾਂ ਦੀਆਂ ਗੱਲਾਂ ਦੇ ਮਗਰ ਲੱਗੇ'' ਰਹਿਣ ਲਈ ਆਖਿਆ ''ਜਿੱਥੇ ਮਸੀਹ ਪਰਮੇਸ਼ੁਰ ਦੇ ਸੱਜੇ ਪਾਸੇ ਬੈਠਾ ਹੈ'' (ਕੁਲੁੱਸੀਆਂ 3:1)।

ਇਨ੍ਹਾਂ ਹੋਰ ਮਸੀਹੀ ਲੋਕਾਂ ਵਾਂਗ ਹੀ ਬਪਤਿਸਮੇ ਨਾਲ ਅਫ਼ਸੁਸ ਦੇ ਲੋਕ **ਮਸੀਹ ਯਿਸੂ ਵਿਚ** ਆਏ ਸਨ। ਉਨ੍ਹਾਂ ਨੂੰ ਰੂਹਾਨੀ ਖੇਤਰ ਵਿਚ **ਸੁਰਗੀ ਥਾਂਵਾਂ ਉੱਤੇ ਉਸ ਦੇ ਨਾਲ** ਬਿਠਾਉਣ ਲਈ ਜਿਵਾਲਿਆ ਗਿਆ ਸੀ (ਵੇਖੋ 1:3)। ''ਸੁਰਗੀ ਥਾਂਵਾਂ'' ਦਾ ਹਵਾਲਾ ਇਹ ਯਾਦ ਦੁਆਉਣ ਲਈ ਸੀ ਕਿ ਭਾਵੇਂ ਉਹ ਪਹਿਲਾਂ ਤੋਂ ਮਸੀਹ ਵਿਚ ਸਨ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਪਾਪਾਂ ਤੋਂ ਬਚਾ ਲਿਆ ਗਿਆ ਸੀ ਪਰ ਅਜੇ ਕੰਮ ਬਾਕੀ ਸੀ ਅਤੇ ਲੜਾਈ ਅਜੇ ਲੜਦੇ ਰਹਿਣਾ ਸੀ। ਕਲੀਸੀਆ ਨੂੰ ਅੱਜ ਵੀ ਇਸ ਸੁਰਗੀ, ਰੂਹਾਨੀ ਖੇਤਰ ਵਿਚ ਇੰਜੀਲ ਸੁਣਾਉਣ ਦਾ ਕੰਮ ਦਿੱਤਾ ਗਿਆ ਹੈ (3:10) ਅਤੇ ਬੁਰਿਆਈ ਦੇ ਖਿਲਾਫ਼ ਰੂਹਾਨੀ ਲੜਾਈ ਅੱਜ ਵੀ ਸੁਰਗੀ ਥਾਂਵਾਂ ਵਿਚ ਹੁੰਦੀ ਹੈ (6:10–12)।

**ਆਇਤ 7.** ਪੌਲੁਸ ਦੇ ਅਨੁਸਾਰ ਖ਼ੁਦਾ ਨੇ ਆਪਣੇ ਸੰਤਾਂ ਨੂੰ ਬਚਾਇਆ ਅਤੇ ਉਨ੍ਹਾਂ ਨੂੰ ਜਿਵਾਲਿਆ ਹੈ। **ਭਈ ਦਿਆਲਗੀ ਨਾਲ ਜੋ ਮਸੀਹ ਯਿਸੂ ਵਿਚ ਸਾਡੇ ਉੱਤੇ ਹੈ ਉਹ ਆਉਣ ਵਾਲਿਆਂ ਜੁੱਗਾਂ ਵਿਚ ਆਪਣੀ ਕਿਰਪਾ ਦਾ ਬੇਹੱਦ ਧਨ ਉਜਾਗਰ ਕਰੇ** (2:7)। ਬੇਸ਼ੱਕ ਬਚਾਇਆ ਜਾਣਾ ਮਨੁੱਖ ਜਾਤੀ ਦੀ ਭਲਿਆਈ ਲਈ ਹੈ ਪਰ ਇਹ ਖ਼ੁਦਾ ਦੀ ਵਡਿਆਈ ਲਈ ਵੀ ਹੈ (1:6, 12, 14)। ਇਸ

ਤੋਂ ਇਲਾਵਾ ਪੌਲੁਸ ਨੇ ਕਿਹਾ ਕਿ ਮਨੁੱਖ ਜਾਤੀ ਦੇ ਬਚਾਉਣ ਨਾਲ ''ਉਜਾਗਰ'' ਕਰ ਸਕੇਗਾ ਕਿ ਉਹ ਬਚਾਏ ਜਾਣ ਵਾਲਿਆਂ ਲਈ ਆਪਣੀ ਦਯਾ ਵਿਚ ਕਿੰਨਾ ਅਮੀਰ ਅਤੇ ਕਿਰਪਾਲੂ ਹੈ ''ਆਉਣ ਵਾਲੇ ਜੁੱਗਾਂ ਵਿਚ'' ਮਸੀਹ ਦੀ ਦੂਜੀ ਆਮਦ, ਮੁਰਦਿਆਂ ਦੇ ਜੀ ਉੱਠਣ ਅਤੇ ਨਿਆਂ ਨਾਲ ਸ਼ੁਰੂ ਹੋਣ ਵਾਲੇ ਸਮੇਂ ਦੇ ਅੱਗੇ ਲਈ ਹੈ। ਸਮੇਂ ਦੇ ਅਖ਼ੀਰ ਵਿਚ ਖ਼ੁਦਾ ਜਦ ਸਭ ਲੋਕਾਂ ਨੂੰ ਆਪਣੇ ਸਾਹਮਣੇ ਲਿਆਏਗਾ ਤਾਂ ਉਹ ਉਨ੍ਹਾਂ ਸਾਹਮਣੇ ਅਤੇ ਫ਼ਰਿਸ਼ਤਿਆਂ ਦੀ ਸੁਰਗੀ ਫੌਜ ਦੇ ਸਾਹਮਣੇ ਮਸੀਹ ਯਿਸੂ ਵਿਚ ਸੰਤਾਂ ਲਈ ਆਪਣੀ ਦਯਾ ਅਤੇ ਕਿਰਪਾ ਉਜਾਗਰ ਕਰੇਗਾ।

ਪੌਲੁਸ ਨੇ ਸਿਰਫ਼ ਖ਼ੁਦਾ ਦੀ ਕਿਰਪਾ ਦੀ ਹੀ ਨਹੀਂ ਬਲਕਿ ''ਉਸ ਦੀ ਕਿਰਪਾ ਦਾ ਬੇਹੱਦ ਧੰਨ'' ਦੀ ਗੱਲ ਵੀ ਕੀਤੀ। (*huperballō,* ''ਬੇਹੱਦ'') ਦਾ ਵਰਤਮਾਨ ਕ੍ਰਿਦੰਤ 2 ਕੁਰਿੰਥੀਆਂ 9:14 ਵਿਚ ਵੀ ਖ਼ੁਦਾ ਦੀ ਕਿਰਪਾ ਦੇ ਵਰਣਨ ਲਈ ਵਰਤਿਆ ਗਿਆ ਹੈ। ਅਫ਼ਸੀਆਂ ਵਿਚ ਕਿਤੇ ਹੋਰ ਪੌਲੁਸ ਨੇ ਉਸ ਦੀ ਸ਼ਕਤੀ ਅਤੇ ਮਸੀਹ ਦੇ ਪ੍ਰੇਮ ਦੇ ਬਿਆਨ ਲਈ ਇਸ ਦੇ ਸ਼ਬਦ ਦੇ ਰੂਪਾਂ ਦੀ ਵਰਤੋਂ ਕੀਤੀ (1:19; 3:19)।

> ਇਸ ਆਖ਼ਰੀ ਹਵਾਲੇ ਦੇ ਸਬੰਧ ਵਿਚ ਅਤੇ 1:19–21 ਅਤੇ 2:4–7 ਦੀਆਂ ਸਮਾਨਤਾਵਾਂ ਦੀ ਰੌਸ਼ਨੀ ਵਿਚ ..., ਕਿਹਾ ਜਾ ਸਕਦਾ ਹੈ ਕਿ ਜੇ ਸੁਰਗੀ ਥਾਂਵਾਂ ਵਿਚ ਬੈਠਣ ਲਈ ਮੌਤ ਤੋਂ ਮਸੀਹ ਦਾ ਜੀ ਉੱਠਣਾ ਖ਼ੁਦਾ ਦੀ ਬੇਹੱਦ ਸ਼ਕਤੀ ਦਾ ਬੇਹਤਰੀਨ ਮੁਜ਼ਾਹਿਰਾ ਸੀ ਤਾਂ ਸੁਰਗੀ ਥਾਂਵਾਂ ਵਿਚ ਮਸੀਹ ਦੇ ਨਾਲ ਬੈਠਣ ਲਈ ਰੂਹਾਨੀ ਮੌਤ ਤੋਂ ਵਿਸ਼ਵਾਸੀਆਂ ਦਾ ਜੀ ਉੱਠਣਾ ਖ਼ੁਦਾ ਦੇ ਬੇਹੱਦ ਫ਼ਜ਼ਲ ਦਾ ਬੇਹਤਰੀਨ ਵਿਖਾਵਾ ਹੈ।[6]

2:4–7 ਤੋਂ ਘੱਟੋ ਘਟ ਤਿੰਨ ਨਿਚੋੜ ਕੱਢੇ ਜਾ ਸਕਦੇ ਹਨ। (1) ਮਸੀਹ ਨੂੰ ਜ਼ਿੰਦਾ ਕੀਤਾ ਗਿਆ ਹੈ ਅਤੇ ਖ਼ੁਦਾ ਦੇ ਸੱਜੇ ਹੱਥ ਉੱਚਾ ਕੀਤਾ ਗਿਆ ਹੈ। ਅਤੇ ਇੰਜੀਲ ਦਾ ਹੁਕਮ ਮੰਨਣ ਵਿਚ ਮਸੀਹੀ ਆਦਮੀ ਨੂੰ ਰੂਹਾਨੀ ਖੇਤਰ ਵਿਚ ਮਸੀਹ ਦੇ ਨਾਲ ਬੈਠਣ ਲਈ ਜਿਵਾਲਿਆ ਗਿਆ ਹੈ। (2) ਮਸੀਹ ਦੇ ਮਹਿਮਾ ਪਾਉਣ ਅਤੇ ਉਸ ਦੇ ਨਾਲ ਮਸੀਹੀ ਵਿਅਕਤੀ ਦੇ ਸਬੰਧ ਦੇ ਤੱਥ ਦੇ ਭਵਿੱਖ ਵਿਚ ਹੋਣ ਵਾਲੇ ਪ੍ਰਭਾਵ ਹਨ। (3) ਵਿਸ਼ਵਾਸੀ ਵਿਅਕਤੀ ਲਈ ਜੋ ਕੁਝ ਖ਼ੁਦਾ ਨੇ ਕੀਤਾ ਹੈ ਉਸ ਦਾ ਪੂਰੀ ਤਰ੍ਹਾਂ ਨਾਲ ਵਿਖਾਵਾ ਆਉਣ ਵਾਲੇ ਯੁੱਗ ਦੇ ਸ਼ੁਰੂ ਹੋਣ ਤੋਂ ਪਹਿਲਾਂ, ਜਦੋਂ ਮਸੀਹੀ ਪਰਗਟ ਹੋਵੇਗਾ ਅਤੇ ਜਦ ਅਸੀਂ ਮਹਿਮਾ ਵਿਚ ਉਸ ਦੇ ਨਾਲ ਪਰਗਟ ਹੋਵਾਂਗੇ, ਜ਼ਾਹਿਰ ਨਹੀਂ ਹੋਵੇਗਾ (ਵੇਖੋ ਕੁਲੁੱਸੀਆਂ 3:4)।

ਪਾਪੀਆਂ ਪ੍ਰਤੀ ਖ਼ੁਦਾ ਦੀ ਕਿਰਪਾ ਭਰੀ ਹਾਲਤ ਦੇ ਬਿਆਨ ਲਈ ਪੌਲੁਸ ਨੇ ਪਹਿਲਾਂ ਹੀ ''ਦਯਾ,'' ''ਪ੍ਰੇਮ'' ਅਤੇ ''ਕਿਰਪਾ'' ਸ਼ਬਦਾਂ ਦੀ ਵਰਤੋਂ ਕੀਤੀ (2:4–7)। ਆਇਤ 7 ਵਿਚ ਉਸ ਨੇ ''ਦਯਾਲਗੀ'' (*chrēstotēs*) ਸ਼ਬਦ ਜੋੜ ਦਿੱਤਾ ਜੋ ਮਨੁੱਖ ਜਾਤੀ ਦੇ ਨਾਸ਼ੁਕਰੇ ਹੋਣ ਦੇ ਬਾਵਜੂਦ ਖ਼ੁਦਾ ਦੇ ਆਪਣੇ ਲੋਕਾਂ ਦੀ ਪਰੋਪਕਾਰੀ ਚਿੰਤਾ ਅਤੇ ਸਰਗਰਮ ਭਲਿਆਈ ਦਾ ਸੰਕੇਤ ਦਿੰਦਾ ਹੈ।[7]

**ਆਇਤ 8.** ਕਿਉਂ ਜੋ *gar* ਦਾ ਅਨੁਵਾਦ ਹੈ ਅਤੇ ਪੌਲੁਸ ਵੱਲੋਂ ਖ਼ੁਦਾ ਦੇ ਬੇਹੱਦ ਧੰਨ ਦੇ ਸਬੰਧ ਵਿਚ ਪੌਲੁਸ ਦੀ ਹੁਣੇ ਹੁਣੇ ਲਿਖੀ ਗੱਲ ਦੇ ਨਾਲ ਜੁੜਦਾ ਹੈ। ਉਸ ਨੇ ਹੁਣੇ ਹੁਣੇ ਆਖਿਆ ਸੀ ਕਿ ਅਫ਼ਸੁਸ ਦੇ ਲੋਕ ਕਿਰਪਾ ਨਾਲ ਬਚਾਏ ਗਏ ਸਨ (2:5), ਅਤੇ ਇਸ ਨਾਲ ਆਦਮੀ ਦੇ ਵਿਸ਼ਵਾਸ ਦੇ ਸਬੰਧ ਵਿਚ ਖ਼ੁਦਾ ਦੀ ਕਿਰਪਾ ਤੇ ਉਸ ਦੇ ਜ਼ੋਰ ਦਾ ਪਰਿਚੈ ਮਿਲ ਗਿਆ।

ਰਸੂਲ ਦੀ ਤਸਦੀਕ ਕਿ ਲੋਕ **ਕਿਰਪਾ** ਨਾਲ **ਬਚਾਏ** ਗਏ ਹਨ ਇਸ ਗੱਲ ਦਾ ਸੁਝਾਅ ਨਹੀਂ ਹੈ ਕਿ ਕਿਰਪਾ ਨੂੰ ਪਾਉਣ ਦੀ ਲੋੜ ਨਹੀਂ ਹੈ। ਕਿਹਾ ਜਾ ਸਕਦਾ ਹੈ ਕਿ ਉਹ ਸਭ ਗੱਲਾਂ ਜਿਹੜੀਆਂ ਬਚਾਏ ਜਾਣ ਨਾਲ ਸਬੰਧਿਤ ਹਨ, ਸਾਰੀਆਂ ਖ਼ੁਦਾ ਦੀ ਕਿਰਪਾ ਨਾਲ ਹੀ ਆਉਂਦੀਆਂ ਹਨ, ਪਰ ਨਵਾਂ ਨੇਮ ਕਿਤੇ ਵੀ ਇਹ ਸਿੱਖਿਆ ਨਹੀਂ ਦਿੰਦਾ ਕਿ ਬਚਾਇਆ ਜਾਣਾ *ਕਿਸੇ ਵੀ ਤਰ੍ਹਾਂ* ਸਿਰਫ਼ ਕਿਰਪਾ ਨਾਲ ਹੁੰਦਾ ਹੈ। ਕਿਰਪਾ ਉਸ ਸਭ ਦਾ ਜੋੜ ਹੈ ਜੋ ਖ਼ੁਦਾ ਨੇ ਮਨੁੱਖ ਜਾਤੀ ਨੂੰ ਬਚਾਉਣ ਲਈ ਕੀਤਾ ਹੈ।

ਖ਼ੁਦਾ ਦੀ ਇਹ ਕਿਰਪਾ ''ਸਭਨਾਂ ਮਨੁੱਖਾਂ ਲਈ ਪਰਗਟ ਹੋਈ'' ਹੈ (ਤੀਤੁਸ 2:11)। ਤਾਂ ਫਿਰ ਸਾਰੇ ਬਚਾਏ ਕਿਉਂ ਨਹੀਂ ਜਾਂਦੇ? ਸਿੱਧਾ ਜਿਹਾ ਜਵਾਬ ਹੈ ਕਿ ਸਾਰੇ ਲੋਕ ਸਹੀ ਢੰਗ ਨਾਲ ਭਾਵ **ਨਿਹਚਾ ਦੇ ਰਾਹੀਂ** ਖ਼ੁਦਾ ਦੀ ਕਿਰਪਾ ਨੂੰ ਪ੍ਰਾਪਤ ਨਹੀਂ ਕਰਦੇ। 2 ਕੁਰਿੰਥੀਆਂ 6:1 ਵਿਚ ਪੌਲੁਸ ਨੇ ਚਿਤਾਵਨੀ ਦਿੱਤੀ ਕਿ ਕੋਈ ''ਪਰਮੇਸ਼ੁਰ ਦੀ ਕਿਰਪਾ ਨੂੰ ਅਕਾਰਥ'' ਕੀਤਾ ਜਾ ਸਕਦਾ ਹੈ।

ਇਕ ਪਾਸੇ ਜਿੱਥੇ ਮਨੁੱਖ ਦੇ ਬਚਾਏ ਜਾਣ ਵਿਚ ''ਕਿਰਪਾ'' ਖ਼ੁਦਾ ਦੇ ਯੋਗਦਾਨ ਦਾ ਸਾਰ ਹੈ, ਉੱਥੇ ਹੀ ਦੂਜੇ ਪਾਸੇ ''ਨਿਹਚਾ'' ਖ਼ੁਦਾ ਨੂੰ ਮਨੁੱਖ ਦਾ ਜਵਾਬ ਹੈ। ਨਵਾਂ ਨੇਮ ਆਮ ਤੌਰ ਤੇ ਆਦਮੀ ਦੇ ਖ਼ੁਦਾ ਨੂੰ ਪੂਰੇ ਜਵਾਬ ਨੂੰ ਮਿਲਾਉਣ ਲਈ ਆਮ ਜਾਂ ਵਿਆਪਕ ਅਰਥ ਵਿਚ ''ਨਿਹਚਾ'' ਅਤੇ ''ਪ੍ਰਤੀਤ'' ਹੋਣ ਦੇ ਵਿਚਾਰ ਦੀ ਤਸਵੀਰ ਵਿਖਾਉਂਦਾ ਹੈ (ਵੇਖੋ ਯੂਹੰਨਾ 3:16; ਰੋਮੀਆਂ 1:16; 5:1)। ਇਸ ਤੋਂ ਇਲਾਵਾ ''ਨਿਹਚਾ'' ਅਤੇ ''ਪਰਤੀਤ'' ਸ਼ਬਦ ਵੀ ਨਵੇਂ ਨੇਮ ਵਿਚ ਖ਼ੁਦਾ ਨੂੰ ਦਿੱਤੇ ਜਾਣ ਵਾਲੇ ਕਈ ਜਵਾਬਾਂ ਵਿੱਚੋਂ ਇਕ ਦੇ ਖ਼ਾਸ ਢੰਗ ਵਿਚ ਵਰਤੇ ਗਏ ਹਨ (ਵੇਖੋ ਮਰਕੁਸ 16:16; ਰਸੂਲਾਂ ਦੇ ਕੰਮ 18:8)। ਰਸੂਲਾਂ ਦੇ ਕੰਮ 16:25–34 ਵਿਚ ਲੂਕਾ ਨੇ ਫ਼ਿਲਿੱਪੀ ਵਿਚ ਦਰੋਗੇ ਦੀ ਗੱਲਬਾਤ ਨੂੰ ਦਰਜ ਕੀਤਾ। ਦਰੋਗੇ ਨੇ ਜਦ ਪੌਲੁਸ ਤੋਂ ਪੁੱਛਿਆ ਕਿ ''ਮੈਂ ਕੀ ਕਰਾਂ ਜਿਸ ਤੋਂ ਬਚਾਇਆ ਜਾਂਵਾਂ?'' ਤਾਂ ਉਸ ਨੇ ਦੱਸਿਆ ਕਿ ''ਪ੍ਰਭੂ ਯਿਸੂ ਉੱਤੇ ਨਿਹਚਾ ਕਰ'' (ਆਇਤਾਂ 30, 31)। ਫਿਰ ਪੌਲੁਸ ਨੇ ਉਸ ਨੂੰ ''ਪ੍ਰਭੂ ਦਾ ਵਚਨ ਸੁਣਾਇਆ'' ਅਤੇ ਉਸ ਨੇ ਅਤੇ ਉਸ ਦੇ ਘਰਦਿਆਂ ਨੇ ਬਪਤਿਸਮਾ ਲਿਆ (ਆਇਤਾਂ 32, 33)। ਬਪਤਿਸਮਾ ਲੈਣ ਦੇ ਬਾਅਦ ਉਸ ਦਰੋਗੇ ਨੇ ''ਪਰਮੇਸ਼ੁਰ ਦੀ ਪਰਤੀਤ ਕਰਕੇ'' ਬੜੀ ਖੁਸ਼ੀ ਕੀਤੀ (ਆਇਤ 34)। ਇਸ ਵੇਰਵੇ ਤੋਂ ਪਤਾ ਲਗਦਾ ਹੈ ਕਿ ਨਿਹਚਾ ਵਿਚ ਹੁਕਮ ਮੰਨਣਾ ਵੀ ਸ਼ਾਮਿਲ ਸੀ।

ਮਸ਼ਹੂਰ ਵਿਚਾਰ ਇਹ ਹੈ ਕਿ ਮਸੀਹ ਨੂੰ ਨਿਹਚਾ ਦਾ ਜਵਾਬ ''ਸਿਰਫ਼ ਵਿਸ਼ਵਾਸ'' ਦਾ ਜਵਾਬ ਹੈ, ਪਰ ਨਵਾਂ ਨੇਮ ਕਦੇ ਨਹੀਂ ਕਹਿੰਦਾ ਕਿ ਇਹ ਸਹੀ ਹੈ। ਸੱਚ ਤਾਂ ਇਹ ਹੈ ਕਿ ਨਵੇਂ ਨੇਮ ਵਿਚ ''ਨਿਰੀ ਨਿਹਚਾ ਨਾਲ'' ਸ਼ਬਦ ਇੱਕੋ ਵਾਰ ਮਿਲਦਾ ਹੈ ਅਤੇ ਇਸ ਦੇ ਅੱਗੇ ਮਿਲਦਾ ਹੈ ਕਿ ''ਹੀ ਨਹੀਂ'' (ਯਾਕੂਬ 2:24)।

''ਨਿਹਚਾ,'' ''ਪ੍ਰਤੀਤ,'' ''ਯਕੀਨ'' ਲਈ ਯੂਨਾਨੀ ਸ਼ਬਦ ਇੱਕੋ ਹੀ ਸ਼ਬਦ ਤੋਂ ਨਿਕਲੇ ਹਨ। ਇਸ ਦਾ ਕਿਰਿਆ ਰੂਪ *pisteuo* ਹੈ ਅਤੇ ਇਸ ਦੀ ਪਰਿਭਾਸ਼ਾ ''*ਪੂਰੀ ਤਰ੍ਹਾਂ ਨਾਲ ਮੰਨੀ ਗਈ ਰਸੀਦ''* ਜਾਂ ''ਪੂਰੀ ਤਰ੍ਹਾਂ ਨਾਲ ਯਕੀਨ ਨਾਲ ਅਤੇ ਪੱਕਾ ਭਰੋਸਾ'' ਹੋ ਸਕਦੀ ਹੈ।[8] ਪ੍ਰਤੀਤ ਦੀ ਧਾਰਣਾ ਵਿਚ ''ਯਕੀਨ... ਭਰੋਸਾ ... ਹੁਕਮ ਮੰਨਣਾ ਸ਼ਾਮਿਲ ਹੈ।''[9] ਬਾਈਬਲੀ ਸੁਭਾਅ ਵਿਆਪਕ ਹੈ। ਪੁਰਾਣੇ ਅਤੇ ਨਵੇਂ ਦੋਹਾਂ ਨੇਮਾਂ ਵਿਚ ਖ਼ੁਦਾ ਵੱਲੋਂ ਮੰਜ਼ੂਰ ਵਿਸ਼ਵਾਸ ਵਿਚ, ਯਕੀਨ ਭਰੋਸਾ ਅਤੇ ਹੁਕਮ ਮੰਨਣ ਦੀਆਂ ਤਿੰਨੇ ਗੱਲਾਂ ਹਨ।

ਹੁਕਮ ਮੰਨਣ ਦੇ ਵਿਸ਼ਵਾਸ ਦੀ ਸ਼ਰਤ ਦੇ ਬਾਵਜੂਦ ਅਸੀਂ ਆਪਣੇ ਆਪ ਬਚਾਏ ਨਹੀਂ ਜਾਂਦੇ ਹਾਂ। ਪੌਲੁਸ ਨੇ ਅੱਗੇ ਕਿਹਾ, **''ਅਤੇ ਇਹ ਤੁਹਾਡੀ ਵੱਲੋਂ ਨਹੀਂ, ਇਹ ਪਰਮੇਸ਼ੁਰ ਦੀ ਬਖ਼ਸ਼ੀਸ਼ ਹੈ।''** ''ਇਹ'' ਜੋ ਕਿ *touto* ਦਾ ਅਨੁਵਾਦ ਹੈ, ਬਚਾਏ ਜਾਣ ਦੀ ਸਾਰੀ ਪ੍ਰਕਿਰਿਆ ਲਈ ਹੈ। ਖ਼ੁਦਾ ਦੀ ਕਿਰਪਾ ਨਾਲ ਬਚਾਇਆ ਜਾਣਾ ਸੰਭਵ ਹੋਇਆ, ਅਤੇ ਮਨੁੱਖ ਦਾ ਵਿਸ਼ਵਾਸ ਉਹ ਮਾਧਿਅਮ ਹੈ ਜਿਸ ਦੇ ਰਾਹੀਂ ਬਚਾਏ ਜਾਣ ਨੂੰ ਕਬੂਲ ਕੀਤਾ ਜਾਂਦਾ ਹੈ। ਤਾਂ ਫਿਰ ਬਚਾਇਆ ਜਾਣਾ ਮਨੁੱਖੀ ਪ੍ਰਾਪਤੀ ਨਹੀਂ ਬਲਕਿ ਮਨੁੱਖ ਨੂੰ ''ਦਾਨ'' ਵਿਚ ਮਿਲਿਆ ਹੈ। ਬਚਾਇਆ ਜਾਣਾ ਭਾਵੇਂ ਖ਼ੁਦਾ ਦਾ ''ਦਾਨ'' ਹੈ ਪਰ ਜਿਹੜੇ ਲੋਕ ਇਹ ਦਾਅਵਾ ਕਰਦੇ ਹਨ ਕਿ ਬਚਾਏ ਜਾਣ ਦੀ ਪ੍ਰਕ੍ਰਿਆ ਵਿਚ ਯੋਗਦਾਨ ਦੇਣ ਲਈ ਮਨੁੱਖ *ਕੁਝ ਨਹੀਂ* ਕਰਦਾ ਹੈ ਉਨ੍ਹਾਂ ਨੂੰ ਗੌਰ ਕਰਨੀ ਚਾਹੀਦੀ ਹੈ ਕਿ ਜਦ ਤਕ ਆਦਮੀ ਦਾਨ ਨੂੰ ਕਬੂਲ ਨਹੀਂ ਕਰਦਾ ਤਦ ਤਕ ਉਸ ਨੂੰ ਉਸ ਦਾ ਕੋਈ ਫ਼ਾਇਦਾ ਨਹੀਂ ਮਿਲਦਾ। ਬਚਾਏ ਜਾਣ ਦੇ ਖ਼ੁਦਾ ਦੇ ਦਾਨ ਦੀ ਪੇਸ਼ਕਸ਼ ਕਿਰਪਾ ਨਾਲ ਕੀਤੀ ਜਾਂਦੀ ਹੈ ਪਰ ਇਸ ਨੂੰ ਕਬੂਲ ਨਿਹਚਾ ਨਾਲ ਕੀਤਾ ਜਾਂਦਾ

ਹੈ। ਜੇ ਕੋਈ ਮਨੁੱਖੀ ਪਿਤਾ ਵਿਰਾਸਤ ਦੇ ਰੂਪ ਵਿਚ ਆਪਣੇ ਬੱਚੇ ਨੂੰ ਕੋਈ ਗਿਫ਼ਟ ਦੇਣ ਦੀ ਪੇਸ਼ਕਸ਼ ਕਰੇ ਤਾਂ ਬੱਚੇ ਨੂੰ ਇਸ ਦਾ ਲਾਭ ਲੈਣ ਲਈ ਉਸ ਗਿਫ਼ਟ ਨੂੰ ਕਬੂਲਣਾ ਜ਼ਰੂਰੀ ਹੈ।

**ਆਇਤ 9.** ਇਹ ਗੱਲ ਇਸ ਤੇ ਹੋਰ ਜ਼ੋਰ ਦਿੰਦੀ ਹੈ ਕਿ ਬਚਾਇਆ ਜਾਣਾ ਕਿਰਪਾ ਦਾ ਇਕ ਦਾਨ ਹੈ, **ਨਾ** ਕਿ ਮਨੁੱਖ ਦੀਆਂ **ਕਰਨੀਆਂ ਤੋਂ।** ਕੁਝ ਲੋਕ ਦਾਅਵਾ ਕਰਦੇ ਹਨ ਕਿ ਵਿਸ਼ਵਾਸ ਕਰਨਾ, ਭਰੋਸਾ ਕਰਨਾ, ਹੁਕਮ ਮੰਨਣ ਵਾਲਾ ਵਿਸ਼ਵਾਸ ਮਨੁੱਖੀ ਕੋਸ਼ਿਸ਼ ਹੈ ਜਿਸ ਕਰਕੇ ਇਹ ਬਚਾਏ ਜਾਣ ਲਈ ਜ਼ਰੂਰੀ ਨਹੀਂ ਹੈ। ਇਸ ਦੇ ਉਲਟ ਨਿਹਚਾ ਵਿਚ ਆਪਣੇ ''ਕਰਮ'' ਹੁੰਦੇ ਹਨ। ਜਦ ਪੌਲੁਸ ਨੇ ਆਖਿਆ ਕਿ ''ਨਾ ਕਰਨੀਆਂ ਤੋਂ'' ਤਾਂ ਉਹ ਖੂਬੀ ਦੇ ਕੰਮਾਂ ਦੀ ਗੱਲ ਕਰ ਰਿਹਾ ਸੀ ਅਤੇ ਇਹ ਮੁਕਤੀ ਨੂੰ ਕਮਾਇਆ ਨਹੀਂ ਜਾ ਸਕਦਾ। ਜੇ ਕੋਈ ਮੁਕਤੀ ਨੂੰ ਕਮਾ ਸਕਦਾ ਹੁੰਦਾ ਤਾਂ ਉਹ ਆਪਣੀਆਂ ਪ੍ਰਾਪਤੀਆਂ ਲਈ ਖ਼ੁਦਾ ਅੱਗੇ **ਘੁਮੰਡ** ਕਰ ਸਕਦਾ ਸੀ ਅਤੇ ਮੁਕਤੀ ਨੂੰ ਉਸ ਨੂੰ ਮੋੜੇ ਕਰਜ਼ੇ ਦੇ ਰੂਪ ਵਿਚ ਹੋਣ ਦਾ ਦਾਅਵਾ ਕਰ ਸਕਦਾ ਸੀ। ਪੌਲੁਸ ਨੇ ਕਿਹਾ ਕਿ ਘੁੰਮਡ ਕਰਨ ਵਾਲੀ ਕੋਈ ਗੱਲ ਨਹੀਂ ਹੈ। ਖੂਬੀ ਦੇ ਕੰਮਾਂ ਨਾਲ ਆਦਮੀ ਬਚਾਇਆ ਨਹੀਂ ਜਾ ਸਕਦਾ। ਪਰ ਵਿਸ਼ਵਾਸ ਦੇ ਇਜ਼ਹਾਰ ਦੇ ਕੰਮ ਹਮੇਸ਼ਾ ਜ਼ਰੂਰੀ ਹੁੰਦੇ ਹਨ। ਯਾਕੂਬ ਨੇ ਜਦ ਕਿਹਾ ਕਿ ''ਨਿਹਚਾ ਜੋ ਅਮਲ ਸਹਿਤ ਨਾ ਹੋਵੇ ਤਾਂ ਆਪਣੇ ਆਪ ਤੋਂ ਮੋਈ ਹੋਈ ਹੈ'' (ਯਾਕੂਬ 2: 17), ਤਾਂ ਉਸ ਦੇ ਮਨ ਵਿਚ ਇਹੀ ਸੀ। ਇਹ ਆਖ਼ਦਿਆਂ ਕਿ ''ਤੂੰ ਆਪਣੀ ਨਿਹਚਾ ਅਮਲਾਂ ਬਿਨਾਂ ਮੈਨੂੰ ਵਿਖਾ'' (2: 18)। ਉਸ ਨੇ ਇਕ ਚੁਣੌਤੀ ਦਿੱਤੀ ਜਿਸ ਦਾ ਸਾਹਮਣਾ ਨਹੀਂ ਕੀਤਾ ਜਾ ਸਕਦਾ। ਕੋਈ ਵਿਸ਼ਵਾਸ ਦੀ ਗੱਲ ਕਰ ਸਕਦਾ ਹੈ ਪਰ ਜੇ ਉਹ ਵਿਸ਼ਵਾਸ ਨੂੰ ਵਿਖਾ ਦਵੇ ਤਾਂ ਇਸ ਨੂੰ ਅਮਲਾ ਦੇ ਰਾਹੀਂ ਭਾਵ ਉਨ੍ਹਾਂ ਕੰਮਾਂ ਦੇ ਰਾਹੀਂ ਹੀ ਵੇਖਿਆ ਜਾਵੇਗਾ। ਕੋਈ ਨਿਹਚਾ ਦੀ ਗੱਲ ਕਰ ਸਕਦਾ ਹੈ ਪਰ ਜੇ ਉਹ ਨਿਹਚਾ ਨੂੰ ਵਿਖਾ ਦਵੇ ਤਾਂ ਇਸ ਨੂੰ ਅਮਲਾਂ ਦੇ ਰਾਹੀਂ ਭਾਵ ਉਸ ਦੇ ਕੰਮਾਂ ਦੇ ਰਾਹੀਂ ਹੀ ਵੇਖਿਆ ਜਾਵੇਗਾ। ਜਦ ਕੋਈ ਇੰਜੀਲ ਦਾ ਹੁਕਮ ਮੰਨਣ ਦੇ ਰਾਹੀਂ ਖ਼ੁਦਾ ਦੀ ਕਿਰਪਾ ਦੇ ਨਾਲ ਬਚਾਏ ਜਾਣ ਦੀ ਪੇਸ਼ਕਸ਼ ਨੂੰ ਕਬੂਲ ਕਰਦਾ ਹੈ ਤਾਂ ਉਹ ਕੁਝ ਕਮਾਉਂਦਾ ਨਹੀਂ ਹੈ ਜਿਸ ਕਰਕੇ ਉਸ ਕੋਲ ਘਮੰਡ ਕਰਨ ਦਾ ਕੋਈ ਕਾਰਣ ਨਹੀਂ ਹੈ। ਉਸ ਕੋਲ ਉਸ ਕਿਰਪਾ ਵਿਚ ਜਿਹੜੀ ਮਸੀਹ ਦੀ ਸਲੀਬ ਵਿਚ ਵਿਖਾਈ ਗਈ ਹੈ ਖੁਸ਼ੀ ਕਰਨ ਦਾ ਇੱਕੋ ਕਾਰਣ ਹੈ।

ਇਬਰਾਨੀਆਂ 11 ਦੀ ਖ਼ੁਦਾ ਦੀ ਨਿਹਚਾ ਦੀ ''ਸਨਮਾਨ ਦੀ ਸੂਚੀ'' ਵਿਚ ਇਹ ਗੱਲ ਚੰਗੀ ਤਰ੍ਹਾਂ ਦੱਸੀ ਗਈ ਹੈ। ਪੁਰਾਣੇ ਨੇਮ ਦੇ ਪਾਤਰਾਂ ਨੇ ਆਪਣੀ ਨਿਹਚਾ ਹੁਕਮ ਮੰਨਣ ਦੇ ਰਾਹੀਂ ਵਿਖਾਈ ਸੀ। ਹਾਬਲ ਨੇ ਕੁਰਬਾਨੀ ਦਿੱਤੀ, ਹਨੋਕ ਉਸ ਨੂੰ ਭਾਇਆ, ਨੂਹ ਨੇ ਬੇੜਾ ਬਣਾਇਆ, ਅਬਰਾਹਾਮ ਨੇ ਗੱਲ ਮੰਨੀ ਅਤੇ ਕੁਰਬਾਨੀ ਪੇਸ਼ ਕੀਤੀ ਅਤੇ ਮੂਸਾ ਨੇ ਇਕ ਪਸੰਦ ਚੁਣੀ। ਇਹੀ ਤਾਂ ਉਹ ਨਿਹਚਾ ਹੈ ਜਿਹੜੀ ਉਸ ਨੂੰ ਕਬੂਲ ਕਰਦੀ ਹੈ ਜਿਸ ਨੂੰ ਕਿਰਪਾ ਨਾਲ ਖ਼ੁਦਾ ਦੇਣ ਦੀ ਪੇਸ਼ਕਸ਼ ਕਰਦਾ ਹੈ– ਉਹ ਨਿਹਚਾ ਜਿਸ ਵਿਚ ਯਕੀਨ, ਭਰੋਸਾ ਅਤੇ ਹੁਕਮ ਮੰਨਣਾ ਸ਼ਾਮਿਲ ਹੈ।

**ਆਇਤ 10.** ਆਇਤ 8 ਵਾਂਗ ਪੌਲੁਸ ਨੇ **ਕਿਉਂ ਜੋ** ਦੀ ਵਰਤੋਂ ਹੁਣੇ ਹੁਣੇ ਕਹੀ ਗਈ ਗੱਲ ਦੇ ਨਾਲ ਆਪਣੇ ਵਿਚਾਰ ਨੂੰ ਮਿਲਾਉਣ ਵਾਸਤੇ ਕੀਤੀ। ਮਨੁੱਖ ਬਚਾਏ ਜਾਣ ਨੂੰ ਆਪਣੀਆਂ ਖੂਬੀਆਂ ਦੇ ਕੰਮਾਂ ਨਾਲ ਬੇਸ਼ੱਕ ਕਦੇ ਕਮਾ ਨਹੀਂ ਸਕਦਾ ਹੈ ਪਰ ਪੌਲੁਸ ਨੇ ਮਸੀਹੀ ਲੋਕਾਂ ਨੂੰ ਯਾਦ ਦੁਆਇਆ ਕਿ ਉਹ **ਉਹ ਦੀ ਰਚਨਾ** ਹਨ। **ਜਿਹੜੇ ਮਸੀਹ ਯਿਸੂ ਵਿਚ ਸ਼ੁੱਭ ਕਰਮਾਂ ਲਈ ਰਚੇ ਗਏ** ਹਨ। ਇਹ ਗੱਲ ਹੋਰ ਸੰਕੇਤ ਦਿੰਦੀ ਹੈ ਕਿ ਬਚਾਇਆ ਜਾਣਾ ਖ਼ੁਦਾ ਦੀ ਤਰਫ਼ੋ ਦਾਨ ਹੈ ਨਾ ਕਿ ਇਨਸਾਨ ਦੇ ਅਮਲਾਂ ਨਾਲ ਕਮਾਈ ਗਈ ਕੋਈ ਚੀਜ਼ ਜਿਸ ਉੱਤੇ ਮਾਣ ਕੀਤਾ ਜਾ ਸਕੇ। ਬਚਾਏ ਹੋਏ ਲੋਕ ''ਮਸੀਹ ਯਿਸੂ ਵਿਚ ਸ਼ੁੱਭ ਕਰਮਾਂ ਲਈ ਰਚੇ ਗਏ'' ਸਨ। ਇਸ ਕਰਕੇ ਅਜਿਹੇ ਕੰਮਾਂ ਨਾਲ ਬਚਾਇਆ ਨਹੀਂ ਜਾ ਸਕਦਾ ਸੀ। ਇਸ ਦੇ ਉਲਟ ਉਨ੍ਹਾਂ ਦਾ ਬਚਾਇਆ ਜਾਣਾ ਉਨ੍ਹਾਂ ਦੇ ਬਪਤਿਸਮੇ ਵੇਲੇ ਮਸੀਹ ਵਿਚ

ਆਉਣ ਤੇ ਹੋਇਆ ਸੀ।

ਖ਼ੁਦਾ ਨੇ ਆਦਿ ਵਿਚ ਸ਼ੰਸਾਰ ਨੂੰ ਬਣਾਇਆ ਸੀ ਅਤੇ ਸੰਸਾਰ ਉਸ ਦੇ ਹੱਥਾਂ ਦੀ ਕਾਰੀਗਰੀ ਹੈ। ਹੁਣ ਖ਼ੁਦਾ ਨੇ ਸਾਨੂੰ ''ਮਸੀਹ ਵਿਚ'' ਬਣਾਇਆ ਹੈ ਅਤੇ ਅਸੀਂ ਉਸ ਦੀ ਕਾਰੀਗਰੀ ਹਾਂ। ਮਸੀਹ ਵਿਚ ਇਹ ਰਚਨਾ ਵਰਣਾਤਮਕ ਹੈ। ਜਿਸ ਵਿਚ ਖ਼ੁਦਾ ਨੇ ਪਾਪੀਆਂ ਨੂੰ ਉਨ੍ਹਾਂ ਦੇ ਪਾਪਾਂ ਤੋਂ ਬਚਾ ਕੇ ਨਵੇਂ ਬਣਾਇਆ ਹੈ। 2 ਕੁਰਿੰਥੀਆਂ 5:17 ਵਿਚ ਪੌਲੁਸ ਨੇ ਕਿਹਾ, ''ਜੇ ਕੋਈ ਮਸੀਹ ਵਿਚ ਹੈ ਤਾਂ ਉਹ ਨਵੀਂ ਸਰਿਸਟ'' ਜਾਂ ''ਨਵੀਂ ਰਚਨਾ'' ਹੈ। ਬਾਅਦ ਵਿਚ ਅਧਿਆਇ 2 ਵਿਚ ਉਸ ਨੇ ਮਸੀਹ ਵਿਚ ਯਹੂਦੀਆਂ ਅਤੇ ਗੈਰ ਕੌਮਾਂ ਦੇ ਸਬੰਧ ਵਿਚ ਖ਼ੁਦਾ ਦੇ ਇਸੇ ਕੰਮ ਦੀ ਗੱਲ ਕੀਤੀ ਜਦ ਉਸ ਨੇ ਕਿਹਾ, ''ਦੋਹਾਂ ਤੋਂ ਆਪ ਵਿਚ ਇਕ ਨਵਾਂ ਇਨਸਾਨ ਰਚ ਕੇ ਮੇਲ ਕਰਾਵੇ'' (2:15)। 4:24 ਵਿਚ ਪਾਪੀਆ ਦੇ ਬਚਾਏ ਜਾਣ ਨੂੰ ਦਰਸਾਉਣ ਲਈ ਯੂਨਾਨੀ ਸ਼ਬਦ (*ktizō*) ਦੀ ਵਰਤੋਂ ਹੋਈ ਹੈ। ਮਨੁੱਖ ਨੂੰ ਦਿੱਤਾ ਗਿਆ ਖ਼ੁਦਾ ਦਾ ਦਾਨ ਮੁਕਤੀ ਹੈ। ਇਸ ਲਿਖਤ ਵਿਚ ਬਚਾਏ ਜਾਣ ਦਾ ਮਾਧਿਅਮ ਮਸੀਹ ਵਿਚ ਖ਼ੁਦਾ ਦਾ ਸਿਰਜਣਾਤਮਕ ਕੰਮ ਹੈ ਅਤੇ ਸਾਡੇ ਬਚਾਏ ਜਾਣ ਦਾ ਮਕਸਦ ਇਹ ਹੈ ਕਿ ਅਸੀਂ ਭਲੇ ਕੰਮ ਕਰ ਸਕੀਏ।

ਜਿਵੇਂ ਸੰਸਾਰ ਦੀ ਖ਼ੁਦਾ ਦੀ ਰਚਨਾ ਵਿਚ ਮਾਧਿਅਮ ਮਸੀਹ ਸੀ (ਯੂਹੰਨਾ 1:1–3; ਇਬਰਾਨੀਆਂ 1:2; ਕੁਲੁੱਸੀਆਂ 1:16), ਉਸੇ ਤਰ੍ਹਾਂ ਉਹ ਨਵੇਂ ਮਨੁੱਖ ਦੀ ਖ਼ੁਦਾ ਦੀ ਰਚਨਾ ਦਾ ਵੀ ਮਾਧਿਅਮ ਹੈ। ਇਸ ਨਵੇਂ ਮਨੁੱਖ ਨੂੰ ''ਸ਼ੁੱਭ ਕਰਮਾਂ ਲਈ'' ਰਚਿਆ ਗਿਆ ਸੀ। ਮਸੀਹ ਵਿਚ ਰਹਿਣ ਵਾਲਿਆਂ ਦੀ ਜ਼ਿੰਦਗੀ ਸ਼ੁੱਭ ਕਰਮਾਂ ਨਾਲ ਜਾਣੀ ਜਾਣੀ ਚਾਹੀਦੀ ਹੈ। ਸੱਚ ਤਾਂ ਇਹ ਹੈ ਕਿ ਸ਼ੁੱਭ ਕਰਮ ਨਵੀਂ ਸਰਿਸ਼ਟ ਦਾ ਮਕਸਦ, ਨਤੀਜਾ ਜਾਂ ਟੀਚਾ ਹੈ। ਇਸ ਕਰਕੇ ਯੋਗਤਾ ਦੇ ਸ਼ੁੱਭ ਕਰਮ ਬੇਸ਼ੱਕ ਪਾਪੀਆਂ ਨੂੰ ਬਚਾ ਨਹੀਂ ਸਕਦੇ, ਪਰ ਨਿਹਚਾ ਦੇ ਰਾਹੀਂ ਕਿਰਪਾ ਨਾਲ ਬਚਾਏ ਜਾਣ ਵਾਲਿਆਂ ਦਾ ਆਚਰਣ ਪ੍ਰੇਮ ਵਿਚ ਕੀਤੇ ਗਏ ਸ਼ੁੱਭ ਕਰਮਾਂ ਨਾਲ ਵਿਸ਼ਵਾਸ ਦੀ ਪ੍ਰਾਮਾਣਿਕਤਾ ਨੂੰ ਵਿਖਾਉਣ ਵਾਲਾ ਹੋਣਾ ਚਾਹੀਦਾ ਹੈ (ਗਲਾਤੀਆਂ 5:6)। ਜਿਵੇਂ ਸ਼ੁਰੂ ਵਿਚ ਖ਼ੁਦਾ ਨੂੰ ਮੰਨਣ ਵਾਲਾ ਵਿਸ਼ਵਾਸ ਹੁਕਮ ਮੰਨਣ ਦੇ ਅਮਲਾਂ ਰਾਹੀਂ ਵਿਖਾਇਆ ਜਾਂਦਾ ਹੈ (ਵੇਖੋ ਯਾਕੂਬ 2:17), ਉਵੇਂ ਹੀ ਮਸੀਹ ਵਿਚ ਨਿਹਚਾ ਕਰਨ ਵਾਲਿਆਂ ਵੱਲੋਂ ਵਿਖਾਇਆ ਗਿਆ ਵਿਸ਼ਵਾਸ ਸ਼ੁੱਭ ਕਰਮਾਂ ਨਾਲ ਸਾਬਿਤ ਹੁੰਦਾ ਹੈ। ਇਹੀ ਵਿਸ਼ਵਾਸ ਤੀਤੁਸ 3:5, 8 ਵਿਚ ਵੀ ਮਿਲਦਾ ਹੈ। ਉੱਥੇ ਪੌਲੁਸ ਨੇ ਐਲਾਨ ਕੀਤਾ ਕਿ ਨਿਹਚਾ ਕਰਨ ਵਾਲਿਆਂ ਦਾ ਬਚਾਇਆ ਜਾਣਾ ਖ਼ੁਦਾ ਦੀ ਦਯਾ ਦੇ ਕਾਰਣ ਹੋਇਆ ਨਾ ਕਿ ਮਨੁੱਖ ਦੇ ਕਰਮਾਂ ਦੇ ਕਾਰਣ, ਪਰ ਬਚਾਏ ਹੋਇਆਂ ਨੂੰ ਸ਼ੁੱਭ ਕਰਮਾਂ ਵਿਚ ਬਣੇ ਰਹਿਣ ਲਈ ਚੌਕਸ ਰਹਿਣਾ ਚਾਹੀਦਾ ਹੈ।

ਪੌਲੁਸ ਉਨ੍ਹਾਂ ''ਸ਼ੁੱਭ ਕਰਮਾਂ'' ਦੀ ਗੱਲ ਕਰ ਰਿਹਾ ਸੀ **ਜੋ ਪਰਮੇਸ਼ੁਰ ਨੇ ਅੱਗੋਂ ਹੀ ਤਿਆਰ ਕੀਤੇ ਸਨ ਭਈ ਅਸੀਂ ਉਨ੍ਹਾਂ ਵਿਚ ਲੱਗੇ ਰਹੀਏ।** ਖ਼ੁਦਾ ਸੰਸਾਰ ਦਾ ਆਰੰਭ ਹੋਣ ਤੋਂ ਵੀ ਪਹਿਲਾਂ ਮਸੀਹ ਵਿਚ ਵਿਸ਼ਵਾਸ ਨੂੰ ਵੇਖ ਸਕਦਾ ਸੀ (1:4)। ਇਸੇ ਤਰ੍ਹਾਂ ਨਾਲ ਉਸ ਨੇ ਮਸੀਹ ਵਿਚ ਨਵੀਂ ਜ਼ਿੰਦਗੀ ਜੀਉਂਦਿਆਂ ਆਪਣੇ ਲੋਕਾਂ ਦੇ ਸਦਾਚਾਰੀ ਅਤੇ ਇਖ਼ਲਾਕੀ ਵਿਹਾਰ ਨੂੰ ਪਹਿਲਾਂ ਤੋਂ ਵੇਖ ਲਿਆ।

ਖ਼ੁਦਾ ਨੇ ''ਸ਼ੁਭ ਕਰਮਾਂ'' ਨੂੰ ਲੋਕਾਂ ਨੂੰ ਬਚਾਉਣ ਲਈ ਭਵਿੱਖ ਦੇ ਭਾਗ ਦੇ ਰੂਪ ਵਿਚ ਵੇਖਿਆ। ਬਚਾਏ ਹੋਇਆਂ ਦੇ ਰੂਪ ਵਿਚ ਸਾਡੇ ਮਕਸਦ ਦਾ ਭਾਗ ''ਉਨ੍ਹਾਂ ਵਿਚ ਲੱਗੇ'' ਰਹਿਣਾ ਹੈ। ਸ਼ੁੱਭ ਕਰਮ ਕਰਨ ਦੀ ਕਾਬਲੀਅਤ ਖ਼ੁਦਾ ਵੱਲੋਂ ਅਬਦੀ ਯੋਜਨਾ ਵਿਚ ਪਾਈ ਗਈ ਸੀ। ਅਤੇ ਇਸ ਯੋਜਨਾ ਦਾ ਪੂਰਾ ਹੋਣਾ ਬਚਾਏ ਹੋਇਆਂ ਦੀ ਬਦਲੀ ਹੋਈ ਜੀਵਨ ਸ਼ੈਲੀ ਵਿਚ ਵੇਖਿਆ ਜਾਂਣਾ ਸੀ। ਸ਼ੁੱਭ ਕਰਮ ਕਰਨ ਦਾ ਇਰਾਦਾ ਕਰਨਾ ਉਸ ਫੈਸਲੇ ਦਾ ਹਿੱਸਾ ਹੈ ਜਿਸ ਨੂੰ ਆਪਣੀਆਂ ਜ਼ਿੰਦਗੀਆਂ ਲਈ ਖ਼ੁਦਾ ਦੇ ਮਕਸਦ ਨੂੰ ਪੂਰਾ ਕਰਨ ਲਈ ਸਾਡੇ ਲਈ ਜ਼ਰੂਰੀ ਹੈ।

# ਪ੍ਰਾਸੰਗਿਕਤਾ

**ਸਲੀਬ ਦੇ ਉੱਪਰ: ਰਹਿਮ ਨਾਲ ਭਰਿਆ ਖ਼ੁਦਾ** (2: 4-12)

''ਪਰੰਤੂ ਪਰਮੇਸ਼ੁਰ'' ਸ਼ਬਦਾਂ ਨਾਲ ਇਸ ਸੰਸਾਰ ਵਿਚ ਸਾਰਾ ਫ਼ਰਕ ਪੈ ਜਾਂਦਾ ਹੈ। ਸਾਨੂੰ ਉਮੀਦ ਰਹੀ ਹੋ ਸਕਦੀ ਹੈ ਕਿ ਆਇਤ 4 ਦੀ ਸ਼ੁਰੂਆਤ ''ਅਤੇ ਪਰਮੇਸ਼ੁਰ ਨੇ ਉਨ੍ਹਾਂ ਸਾਰਿਆਂ ਨੂੰ ਸਜ਼ਾ ਦਿੱਤੀ'' ਜਾਂ ''ਅਤੇ ਪਰਮੇਸ਼ੁਰ ਨੇ ਉਨ੍ਹਾਂ ਵਿੱਚੋਂ ਹਰੇਕ ਦਾ ਨਾਸ ਕਰ ਦਿੱਤਾ'' ਸ਼ਬਦਾਂ ਨਾਲ ਹੁੰਦੀ। ਇਸ ਦੇ ਉਲਟ ਪੌਲੁਸ ਨੇ ਖ਼ੁਦਾ ਦੇ ਰਹਿਮ ਭਰੇ ਪ੍ਰਭਾਵ ਦੀ ਗੱਲ ਕੀਤੀ।

*''ਦਯਾ ਦਾ ਧਨੀ।''* ਖ਼ੁਦਾ ਸਿਰਫ਼ ਦਯਾਲੂ ਹੀ ਨਹੀਂ ਬਲਕਿ ਉਹ ਦਯਾ ਦਾ ਧਨੀ ਹੈ। ਉਹ ਦਯਾ ਵਿਚ ਧਨਵਾਨ ਹੈ। ਦਯਾ ਉਸ ਨੂੰ ਜਿਸ ਦੇ ਹੱਕਦਾਰ ਹੋਈਏ, ਰੋਕਣਾ ਚਾਹੁੰਦੀ ਹੈ। ਪਾਪੀ ਲੋਕ ਤਬਾਹੀ ਦੇ ਹੱਕਦਾਰ ਹਨ ਪਰ ਖ਼ੁਦਾ ਦੀ ਦਯਾ ਬਰਬਾਦੀ ਨੂੰ ਰੋਕਣਾ ਚਾਹੁੰਦੀ ਹੈ।

*''ਉਸ ਦਾ ਵੱਡਾ ਪ੍ਰੇਮ।''* ਇਸੇ ਕਰਕੇ ਖ਼ੁਦਾ ਪਾਪੀਆਂ ਉੱਤੇ ਦਯਾ ਕਰਨਾ ਚਾਹੁੰਦਾ ਹੈ। ਉਹ ਸਭ ਪਾਪੀਆਂ ਨਾਲ ਵੱਡੇ ਪ੍ਰੇਮ ਨਾਲ ਪ੍ਰੇਮ ਕਰਦਾ ਹੈ।

*''ਕਿਰਪਾ ਤੋਂ ਹੀ ਤੁਸੀਂ ਬਚਾਏ ਗਏ ਹੋ।''* ਖ਼ੁਦਾ ਦਾ ਫ਼ਜ਼ਲ ਉਸ ਦਾ ''ਅਣਕਮਾਇਆ ਹੋਇਆ, ਜਿਸ ਦੇ ਕੋਈ ਯੋਗ ਨਾ ਹੋਵੇ, ਬਿਨਾਂ ਕਮਾਈ ਦੇ ਹਮਾਇਤ'' ਹੈ। ਖ਼ੁਦਾ ਪਾਪੀਆਂ ਨੂੰ ਉਹ ਦੇਣਾ ਚਾਹੁੰਦਾ ਹੈ ਜਿਸ ਦੇ ਉਹ ਕਦੇ ਯੋਗ ਨਹੀਂ ਹੋ ਸਕਦੇ ਹਨ। ਇਨ੍ਹਾਂ ਸਚਿਆਈਆਂ ਉੱਤੇ ਧਿਆਨ ਦਿਓ: ਨਿਆਂ ਉਹੀ ਦਿੰਦਾ ਜਿਸ ਦੇ ਕੋਈ ਯੋਗ ਹੋਵੇ, ਜਦ ਕਿ ਖ਼ੁਦਾ ਜੋ ਧਨੀ ਹੈ ਪਾਪੀਆਂ ਨੂੰ ਉਹ ਦਵੇਗਾ ਜਿਸ ਦੇ ਉਹ ਯੋਗ ਨਾ ਹੋਣ। ਦਯਾ ਉਸ ਨੂੰ ਰਖਵਾਉਣਾ ਚਾਹੁੰਦੀ ਹੈ ਜਿਸ ਦੇ ਕੋਈ ਯੋਗ ਹੋਵੇ, ਅਤੇ ਖ਼ੁਦਾ ਦਯਾਲੂ ਹੈ; ਅਤੇ ਦਯਾ ਕਿਸੇ ਨੂੰ ਉਹ ਦਿੰਦੀ ਹੈ ਜਿਸ ਦੇ ਉਹ ਕਦੇ ਯੋਗ ਨਹੀਂ ਹੋ ਸਕਦਾ। ਹਰ ਬੰਦੇ ਲਈ ਇਹ ਚੁਣਨਾ ਜ਼ਰੂਰੀ ਹੈ ਕਿ ਉਸ ਨੂੰ ਪਾਪ ਵਿਚ ਰਹਿ ਕੇ ਖ਼ੁਦਾ ਦੇ ਨਿਰੋਲ ਨਿਆਂ ਨੂੰ ਪਾਉਣਾ ਚਾਹੀਦਾ ਹੈ, ਜੋ ਕਿ ਮੌਤ ਹੈ ਜਾਂ ਫਿਰ ਮਸੀਹ ਵਿਚ ਦਿੱਤੇ ਜਾ ਰਹੇ ਖੁਦਾ ਦੇ ਪ੍ਰੇਮ, ਦਯਾ ਯਾ ਕਿਰਪਾ ਨੂੰ ਕਬੂਲ ਕਰਕੇ ਬਚਾਏ ਜਾਣਾ ਹੈ। ਜਦ ਤਕ ਕੋਈ ਪਾਪੀ ਨਿਹਚਾ ਦੇ ਰਾਹੀਂ ਕਿਰਪਾ ਨਾਲ ਬਚਾਇਆ ਨਹੀਂ ਜਾਂਦਾ ਤਦ ਤਕ ਉਹ ਮਸੀਹ ਤੋਂ ਅੱਡ ਅਤੇ ਖ਼ੁਦਾ ਤੋਂ ਸੱਖਣਾ ਹੈ (2: 12)।

ਜੇ ਲੌਕਹਰਟ

**ਉਸ ਦੀਆਂ ਕਿਰਪਾ ਦੀਆਂ ਟ੍ਰਾਫ਼ੀਆਂ** (2: 1-10)

ਖੇਡਾਂ ਵਿਚ ਚੈਂਪੀਅਨ ਬਣਨ ਵਾਲਿਆਂ ਨੂੰ ਰਿਬਨ, ਮੈਡਲ ਦਿੱਤੇ ਜਾਂਦੇ ਹਨ। ਇਹ ਇਨਾਮ ਉਨ੍ਹਾਂ ਦੀ ਪ੍ਰਾਪਤੀ ਦੀ ਪਛਾਣ ਹੁੰਦੇ ਹਨ। ਇਨ੍ਹਾਂ ਨਾਲ ਇਨ੍ਹਾਂ ਨੂੰ ਪਾਉਣ ਵਾਲਿਆਂ ਦਾ ਆਦਰ ਵੱਧਦਾ ਹੈ। ਇਹ ਪੁਰਾਣੀ ਰਵਾਇਤ ਘੱਟੋ ਘੱਟ ਪੁਰਾਣੇ ਜ਼ਮਾਨੇ ਦੀਆਂ ਖੇਡਾਂ ਓਲੰਪਿਕ ਜਿੰਨੀ ਪੁਰਾਣੀ ਹੈ। ਜਿਸ ਤੋਂ ਪੌਲੁਸ ਦੇ ਪਾਠਕ ਵਾਕਫ਼ ਸਨ (ਵੇਖੋ 1 ਕੁਰਿੰਥੀਆਂ 9: 24; 2 ਤਿਮੋਥਿਉਸ 2: 5)। ਇਹ ਹੈਰਾਨ ਕਰਨ ਵਾਲਾ ਲੱਗ ਸਕਦਾ ਹੈ ਪਰ ਖ਼ੁਦਾ ਕੋਲ ਵੀ ਆਪਣੀਆਂ ਟ੍ਰਾਫ਼ੀਆਂ ਹਨ। ਅਫ਼ਸੀਆਂ 2: 1–10 ਵਿੱਚੋਂ ਸਾਨੂੰ ਉਨ੍ਹਾਂ ਬਾਰੇ ਪਤਾ ਲਗਦਾ ਹੈ।

*ਸਾਡਾ ਅਤੀਤ।* ਪੌਲਸ ਚੋਣ, ਛੁਟਕਾਰੇ ਅਤੇ ਮੀਰਾਸ ਵਿਚ ਜੋ ਕੁਝ ਖ਼ੁਦਾ ਨੇ ਸਾਡੇ ਲਈ ਕੀਤਾ ਹੈ ਉਹ ਸਭ ਨੂੰ ਦਸ ਰਿਹਾ ਸੀ। ਪਰ ਜਦ ਤਕ ਸਾਨੂੰ ਇਸਰਾਏਲ ਦੇ ਖ਼ੁਦਾ ਅੱਗੇ ਆਪਣੀ ਸਥਿਤੀ ਦੀ ਸਮਝ ਨਹੀਂ ਆਉਂਦੀ ਉਦੋਂ ਤਕ ਸਾਨੂੰ ਕਦੇ ਵੀ ਇਹ ਸਮਝ ਨਹੀਂ ਆਵੇਗਾ ਕਿ ਖ਼ੁਦਾ ਨੇ ਸਾਡੇ ਵਸਤੇ ਕੀ ਕੀਤਾ ਹੈ। ਇਹ ''ਬੁਰੀ ਖ਼ਬਰ'' ਹੈ ਜਿਹੜੀ ਸਾਨੂੰ ਮਸੀਹ ਵਿਚ ''ਚੰਗੀ ਖ਼ਬਰ'' ਵਾਸਤੇ ਤਿਆਰ ਕਰਦੀ ਹੈ। ਸਾਡੇ ਅਤੀਤ ਦੀ ਚਰਚਾ ਕਰਦਿਆਂ ਪੌਲੁਸ ਨੇ ਇਨ੍ਹਾਂ ਚਾਰ ਖ਼ਾਸ ਗੱਲਾਂ ਨੂੰ ਰੱਖਿਆ ਜਿਹੜੀਆਂ ਸਾਡੇ ਵਿੱਚੋਂ ਹਰੇਕ ਉੱਤੇ ਲਾਗੂ ਹੁੰਦੀਆਂ ਹਨ।

1. ਅਸੀਂ ਮਰੇ ਹੋਏ ਸਾਂ (2:1)। ਜ਼ਾਹਿਰ ਤੌਰ ਤੇ ਉਹ ਸਾਡੀਆਂ ਜਿਸਮਾਨੀ ਦੇਹਾਂ ਦੀ ਗੱਲ ਨਹੀਂ ਕਰ ਰਿਹਾ ਸੀ ਬਲਕਿ ਉਹ ਸਾਡੀਆਂ ਰੂਹਾਂ ਦੀ ਗੱਲ ਕਰ ਰਿਹਾ ਸੀ। ਅੰਦਰੂਨੀ ਮਨੁੱਖ ਮਰਿਆ ਹੋਇਆ ਹੈ। ਆਦਮ ਨੇ ਜਦ ਬਾਗ–ਏ–ਅਦਨ ਵਿਚ ਫ਼ਲ ਖਾਧਾ ਸੀ ਤਾਂ ਉਸ ਦੀ ਆਤਮਾ ਦਾ ਖ਼ੁਦਾ ਦੇ ਆਤਮਾ ਨਾਲ ਨਜ਼ੀਦੀਕ ਸਬੰਧ ਟੁੱਟ ਗਿਆ ਸੀ। ਉਸੇ ਤਰ੍ਹਾਂ ਹੀ ਪਾਪ ਦੇ ਕਾਰਣ ਅਸੀਂ ਸਾਰੇ ਰੂਹਾਨੀ ਤੌਰ ਤੇ ਮਰ ਜਾਂਦੇ ਹਾਂ।

ਮਰੇ ਹੋਏ ਆਦਮੀ ਨੂੰ ਸਭ ਤੋਂ ਵੱਧ ਕਿਸ ਚੀਜ਼ ਦੀ ਲੋੜ ਹੁੰਦੀ ਹੈ? ਉਸ ਨੂੰ ਜ਼ਿੰਦਗੀ ਦੀ ਲੋੜ ਹੁੰਦੀ ਹੈ! ਮਸੀਹ ਨੇ ਆਖਿਆ, ''ਅਤੇ ਹਰ ਕੋਈ ਜਿਹੜਾ ਜੀਉਂਦਾ ਹੈ ਅਰ ਮੇਰੇ ਉੱਤੇ ਨਿਹਚਾ ਕਰਦਾ ਹੈ ਸੋ ਸਦੀਪਕਾਲ ਤੀਕੁ ਕਦੇ ਨਾ ਮਰੇਗਾ। ਕੀ ਤੂੰ ਇਸ ਗੱਲ ਦੀ ਪਰਤੀਤ ਕਰਦੀ ਹੈਂ'' (ਯੂਹੰਨਾ 11:26)। ਮੌਤ ਅਸਲ ਵਿਚ ਆਤਮਾ ਦਾ ਸਰੀਰ ਤੋਂ ਅੱਡ ਹੋ ਜਾਣਾ ਨਹੀਂ ਬਲਕਿ ਆਤਮਾ ਦਾ ਖ਼ੁਦਾ ਤੋਂ ਅੱਡ ਹੋਣਾ ਹੈ। ਹਮੇਸ਼ਾ ਦੀ ਜ਼ਿੰਦਗੀ ਸਿਰਫ਼ ਹਮੇਸ਼ਾ ਤਕ ਜ਼ਿੰਦਾ ਰਹਿਣਾ ਨਹੀਂ ਹੈ। ਨਰਕ ਵਿਚ ਜਾਣ ਵਾਲੀਆਂ ਆਤਮਾਵਾਂ ਹਮੇਸ਼ਾ ਤਕ ਜ਼ਿੰਦਾ ਰਹਿਣਗੀਆਂ। ਯੂਹੰਨਾ 17:3 ਕਹਿੰਦਾ ਹੈ, ''ਅਤੇ ਸਦੀਪਕ ਜੀਉਣ ਇਹ ਹੈ ਕਿ ਓਹ ਤੈਨੂੰ ਜੋ ਸੱਚਾ ਵਾਹਿਦ ਪਰਮੇਸ਼ੁਰ ਹੈ ਅਤੇ ਯਿਸੂ ਮਸੀਹ ਨੂੰ ਜਿਹ ਨੂੰ ਤੈਂ ਘੱਲਿਆ ਜਾਣਨ।''

ਸੱਚੀ ਜ਼ਿੰਦਗੀ ਮਸੀਹ ਨੂੰ ਜਾਣਨ ਅਤੇ ਉਸ ਨਾਲ ਖ਼ਾਸ ਸਬੰਧ ਵਿਚ ਹੋਣ ਨਾਲ ਮਿਲਦੀ ਹੈ। ਸਾਡੇ ਸ਼ਹਿਰ ਵਿਚ ਮੁਰਦਿਆਂ ਦੀ ਭਰਮਾਰ ਹੈ। ਭਾਵ ਉਹ ਇਸ ਕਰਕੇ ਮਰੇ ਹੋਏ ਹਨ ਕਿਉਂਕਿ ਉਨ੍ਹਾਂ ਦਾ ਮਸੀਹ ਨਾਲ ਜਿਹੜਾ ਜ਼ਿੰਦਗੀ ਦਾ ਇੱਕੋ ਇਕ ਦੇਣ ਵਾਲਾ ਹੈ, ਕੋਈ ਸਬੰਧ ਨਹੀਂ ਹੈ।

2. ਅਸੀਂ ਅਧੀਨ ਸਾਂ (2:2)। ਹਵਾਈ ਇਖ਼ਤਿਆਰ ਦਾ ਹਾਕਮ ਕੌਣ ਹੈ? ਬੇਸ਼ੱਕ ਸ਼ੈਤਾਨ। ਉਹ ਉਨ੍ਹਾਂ ਆਦਮੀਆਂ ਅਤੇ ਔਰਤਾਂ ਦਾ ਮੌਜੂਦਾ ਤਾਨਾਸ਼ਾਹ ਹੈ ਜਿਹੜੇ ਧਰਤੀ ਉੱਤੇ ਰੂਹਾਨੀ ਮੌਤ ਵਿਚ ਚੱਲਦੇ ਹਨ।

ਗਲੀ ਦਾ ਆਮ ਆਦਮੀ ਬਹਿਸ ਕਰਕੇ ਕਹੇਗਾ, ''ਮੈਂ ਅਧੀਨ ਨਹੀਂ ਹਾਂ। ਮੈਂ ਜੋ ਚਾਹਾਂ ਉਹ ਕਰਨ ਲਈ ਆਜ਼ਾਦ ਹਾਂ।'' ਉਹ ਜੋ ਚਾਹੇ ਉਸ ਨੂੰ ਕਰਨ ਲਈ ਅਜ਼ਾਦ ਹੈ ਪਰ ਦਿੱਕਤ ਇਹ ਹੈ ਕਿ ਉਹ ਉਸ ਕੰਮ ਨੂੰ ਨਹੀਂ ਕਰਨਾ ਚਾਹੁੰਦਾ ਜਿਹੜਾ ਸਹੀ ਹੈ।

ਸ਼ੈਤਾਨ ਨੇ ਲੋਕਾਂ ਦੇ ਘਰਾਂ ਉੱਤੇ ਕਬਜ਼ਾ ਕੀਤਾ ਹੋਇਆ ਹੈ ਅਤੇ ਉਨ੍ਹਾਂ ਦੀ ਸੋਚ ਨੂੰ ਭਰਮਾਇਆ ਹੋਇਆ ਹੈ ਕਿ ਉਹ ਅਜ਼ਾਦ ਹੈ ਜਦ ਕਿ ਅਸਲ ਵਿਚ ਉਹ ਪਾਪ ਦੇ ਗੁਲਾਮ ਹਨ।

3. ਅਸੀਂ ਅਣਆਗਿਆਕਾਰ ਸੀ (2:2)। ਅਣਆਗਿਆਕਾਰ ਮਨ ਬਾਗ਼ ਵਿਚ ਮਨੁੱਖ ਦੀ ਬੁਨਿਆਦੀ ਮੁਸ਼ਕਿਲ ਸੀ। ਖ਼ੁਦਾ ਨੇ ਆਦਮ ਅਤੇ ਹੱਵਾ ਨੂੰ ਪਸੰਦ ਚੁਣਨ ਲਈ ਭੇਜ ਦਿੱਤਾ ਅਤੇ ਉਨ੍ਹਾਂ ਨੇ ਖ਼ੁਦਾ ਦਾ ਵਿਰੋਧ ਕਰਨਾ ਚੁਣਿਆ। ਲੋਕ ਉਦੋਂ ਤੋਂ ਬਾਗ਼ੀ ਅਣਆਗਿਆਕਾਰਿਤਾ ਵਿਚ ਜ਼ਿੰਦਗੀ ਕਟ ਰਹੇ ਹਨ।

ਖ਼ੁਦਾ ਆਖਦਾ ਹੈ, ''ਆਪਣੇ ਗੁਆਂਢੀ ਨਾਲ ਪ੍ਰੇਮ ਰੱਖੋ,'' ਪਰ ਲੋਕ ਇਕ ਦੂਜੇ ਨਾਲ ਨਫ਼ਰਤ ਕਰਦੇ ਹਨ। ਖ਼ੁਦਾ ਆਖਦਾ ਹੈ, ''ਆਪਣੀ ਪਤਨੀ ਨਾਲ ਵਫ਼ਾਦਾਰ ਰਹੋ,'' ਪਰ ਲੋਕ ਆਪਣੀਆਂ ਪਤਨੀਆਂ ਨਾਲ ਬੇਵਫ਼ਾਈ ਕਰਦੇ ਹਨ। ਖ਼ੁਦਾ ਆਖਦਾ ਹੈ, ''ਪਹਿਲ ਮੈਨੂੰ ਦਿਉ,'' ਪਰ ਲੋਕ ਖ਼ੁਦਾ ਨੂੰ ਚੂਰ ਭੂਰ ਦਿੰਦੇ ਹਨ। ਮਨੁੱਖ ਦਾ ਇਤਿਹਾਸ ਅਣਆਗਿਆਕਾਰੀ ਵਾਲਾ ਹੀ ਹੈ।

4. ਅਸੀਂ ਦੋਸ਼ੀ ਸਾਂ (2:3)। ਅਸੀਂ ਦੁਸ਼ਟ ਰਾਹਾਂ ਕਰਕੇ ਇਹ ਜਾਣਦੇ ਹੋਏ ਕਿ ਸਹੀ ਕੀ ਹੈ, ਜਾਣਬੁਝ ਕੇ ਅਣਆਗਿਆਕਾਰੀ ਕਰਕੇ, ਖ਼ੁਦਾ ਦੇ ਕਹਿਰ ਦੇ ਅਧੀਨ ਸਾਂ। ਅਸੀਂ ਸ਼ੁੱਧ ਅਤੇ ਸੰਸਾਰ ਦੇ ਪਵਿੱਤਰ ਪਰਮੇਸ਼ੁਰ ਦੇ ਅੱਗੇ ਬਿਨਾਂ ਕਿਸੇ ਸ਼ੱਕ ਦੇ ਮੁਜ਼ਰਮ ਸਾਂ। ਖ਼ੁਦਾ ਦੇ ਨਿਆਂ ਦੀ ਮੰਗ ਨੂੰ ਪੂਰਾ ਕਰਨ ਲਈ ਅਸੀਂ ਅਨਾਦੀ ਕਾਲ ਤਕ ਉਸ ਤੋਂ ਦੂਰ, ਸਜ਼ਾ ਪਾਏ ਹੋਏ ਖਲੋਤੇ ਸਾਂ। ਆਪਣੇ ਕੰਮਾਂ ਅਤੇ ਫੈਸਲਿਆਂ ਨਾਲ ਅਸੀਂ ਆਸ ਰਹਿਤ ਅਤੇ ਆਪਣੇ ਹੀ ਖੌਫ਼ਨਾਕ ਭਵਿੱਖ ਤੋਂ ਬਚਣ ਦੀ ਕਿਸੀ

ਆਸ ਦੇ ਬਗੈਰ ਸਾਂ!

*ਸਾਡਾ ਵਰਤਮਾਨ।* ਜੋ ਅਸੀਂ ਆਪਣੇ ਕੰਮਾਂ ਦੇ ਰਾਹੀਂ ਆਪਣੇ ਵਾਸਤੇ ਕੀਤਾ ਹੈ ਉਹ ਬੁਰੀ ਖ਼ਬਰ ਹੈ। ਫਿਰ ਪੌਲੁਸ ਸਾਨੂੰ ਸਾਡੀ ਦੁਚਿੱਤੀ ਵਿੱਚੋਂ ਕੱਢਣ ਲਈ ਉਸ ਚੰਗੀ ਖ਼ਬਰ ਵੱਲ ਲੈ ਗਿਆ ਜੋ ਖ਼ੁਦਾ ਨੇ ਸਾਡੇ ਵਸਤੇ ਕੀਤਾ ਹੈ। ਇੱਥੇ ਉਸ ਤੇ ਜ਼ੋਰ ਨਹੀਂ ਹੈ ਜਿਹੜਾ ਆਪਣੇ ਬਚਾਏ ਜਾਣ ਲਈ ਅਸਾਂ ਕੀਤਾ ਹੈ ਬਲਕਿ ਉਸ ਉੱਤੇ ਜ਼ੋਰ ਹੈ ਜੋ ਖ਼ੁਦਾ ਨੇ ਕੀਤਾ ਹੈ।

1. ਅਸੀਂ ਜੀ ਉੱਠੇ ਹਾਂ (2:4, 5)। ਜਦ ਕੋਈ ਮੁਰਦਾ ਜ਼ਿੰਦਾ ਹੋ ਜਾਂਦਾ ਹੈ ਤਾਂ ਇਹ ਕਿਰਪਾ ਨਾਲ ਹੁੰਦਾ ਹੈ। ਉਹ ਆਪਣੇ ਲਈ ਕੀ ਕਰ ਸਕਦਾ ਹੈ? ਕੁਝ ਵੀ ਨਹੀਂ। ਉਹਦੇ ਲਈ ਕਿਸੇ ਨੂੰ ਕੁਝ ਕਰਨਾ ਜ਼ਰੂਰੀ ਹੈ। ਇਸੇ ਕਰਕੇ ਬਚਾਇਆ ਜਾਣਾ ਕਿਰਪਾ ਨਾਲ ਹੈ। ਜੇ ਖ਼ੁਦਾ ਨੇ ਮਨੁੱਖ ਦੇ ਵਾਸਤੇ ਬਚਾਏ ਜਾਣ ਦਾ ਇੰਤਜ਼ਾਮ ਨਾ ਕੀਤਾ ਹੁੰਦਾ ਤਾਂ ਉਹ ਬਚਾਇਆ ਨਹੀਂ ਜਾ ਸਕਦਾ ਸੀ।

ਕਿਸੇ ਮੁਰਦੇ ਨੂੰ ਜ਼ਿੰਦਗੀ ਕਿਵੇਂ ਮਿਲ ਸਕਦੀ ਹੈ? ਭਲਾ *ਨਮੂਨਾ* ਦੇ ਕੇ ਹੋ ਸਕਦੀ ਹੈ? ਭਲਾ ਅਸੀਂ ਲਾਸ਼ ਦੇ ਸਾਹਮਣੇ ਭੱਜ ਕੇ ਜਾਂ ਟੱਪ ਕੇ ਇਹ ਕਹਿ ਸਕਦੇ ਹਾਂ, ''ਅਸੀਂ ਜਿਹੜੇ ਜੀਉਂਦੇ ਹਾਂ ਇਵੇਂ ਕਰਦੇ ਹਾਂ''? ਵਧੀਆ ਨਮੂਨਾ ਮੁਰਦੇ ਦੀ ਮੁਸ਼ਕਿਲ ਨੂੰ ਹੱਲ ਕਰਨ ਲਈ ਕਾਫ਼ੀ ਨਹੀਂ ਹੈ! ਰੂਹਾਨੀ ਤੌਰ ਤੇ ਮਰੇ ਹੋਏ ਆਦਮੀ ਨੂੰ ਬਦਲਣ ਲਈ ਵੀ ਇਹ ਕਾਫ਼ੀ ਨਹੀਂ ਹੈ।

*ਮਾਹੌਲ* ਨਾਲ ਕੁਝ ਹੋ ਸਕਦਾ ਹੈ? ਅਸੀਂ ਉਸ ਨੂੰ ਅਜਿਹੇ ਲੋਕਾਂ ਕੋਲ ਜਾਂ ਕਿਸੇ ਚੰਗੇ ਸ਼ਹਿਰ ਵਿਚ ਲੈ ਜਾ ਸਕਦੇ ਹਾਂ ਜਿੱਥੇ ਲੋਕ ਖੁਸ਼ਹਾਲੀ ਵਿਚ ਰਹਿਣਾ ਜਾਣਦੇ ਹੋਣ। ਪਰ ਇਸ ਨਾਲ ਵੀ ਉਸ ਦੀ ਜਾਨ ਵਾਪਸ ਨਹੀਂ ਆਵੇਗੀ।

ਇਕ ਹੋਰ ਬਦਲ *ਦਲੇਰੀ* ਦੇਣ ਦੀ ਕੋਸ਼ਿਸ਼ ਹੈ। ਅਸੀਂ ਉਸ ਨਾਲ ਗੱਲ ਕਰ ਸਕਦੇ ਹਾਂ। ਕੋਈ ਮਸ਼ਹੂਰ ਉਤਸਾਹ ਵਧਾਊ ਬੁਲਾਰਾ ਆ ਕੇ ਉਸ ਨੂੰ ਚੁਣੌਤੀ ਦੇ ਸਕਦਾ ਹੈ? ''ਉੱਠ! ਤੂੰ ਉਠ ਸਕਦਾ ਹੈਂ! ਸਕਾਰਾਤਮਕ ਸੋਚ ਰੱਖ!''

ਇਨ੍ਹਾਂ ਵਿੱਚੋਂ ਕੋਈ ਵੀ ਢੰਗ ਕੰਮ ਨਹੀਂ ਆਵੇਗਾ। ਮੁਰਦੇ ਲਈ ਜਿਸ ਗੱਲ ਦੀ ਲੋੜ ਹੈ ਉਹ ਜ਼ਿੰਦਗੀ ਹੈ! ਸਾਡੀ ਅਸਲ ਮੁਸ਼ਕਿਲ ਨੂੰ ਖ਼ੁਦਾਈ ਜੀ ਉੱਠਣ ਤੋਂ ਘੱਟ ਕੋਈ ਗੱਲ ਹੱਲ ਨਹੀਂ ਕਰ ਸਕਦੀ। ਖ਼ੁਦਾ ਨੂੰ ਹੇਠਾਂ ਆ ਕੇ ਸਾਡੀਆਂ ਆਤਮਾਵਾਂ ਵਿਚ ਰਹਿਣਾ ਪਵੇਗਾ। ਮਸੀਹ ਨੇ ਆਖਿਆ, ''ਜੀਉਣ ਮੈਂ ਹਾਂ'' (ਯੂਹੰਨਾ 11:25)। ਮੁਰਦਿਆਂ ਨੂੰ ਮਸੀਹ ਦੀ ਬੇਹੱਦ ਲੋੜ ਹੈ।

ਮਸੀਹੀਅਤ ਕਿਸੇ ਬੀਮਾਰ ਦਾ ਚੰਗਾ ਹੋਣਾ ਨਹੀਂ ਹੈ। ਇਹ ਮੁਰਦੇ ਦੀ ਜਾਨ ਉਸ ਵਿਚ ਪੈ ਜਾਣਾ ਹੈ। ਖ਼ੁਦਾ ਦੀ ਕਿਰਪਾ ਦੇ ਧੰਨ ਨਾਲ ਅਸੀਂ ਨਵੀਂ ਜ਼ਿੰਦਗੀ ਪਾਉਣ ਵਾਲੇ ਲੋਕ ਹਾਂ। ਸਾਨੂੰ ਮਸੀਹ ਦੇ ਨਾਲ ਮੁਰਦਿਆਂ ਵਿੱਚੋਂ ਜ਼ਿੰਦਾ ਕੀਤਾ ਗਿਆ ਹੈ।

2. ਸਾਨੂੰ ਅਰਾਮ ਦਿੱਤਾ ਗਿਆ ਹੈ (2:6)। ਬਾਈਬਲ ਵਿਚ ਬੈਠਣ ਦਾ ਵਿਚਾਰ ਪੂਰਾ ਹੋ ਚੁੱਕੇ ਕੰਮ ਨੂੰ ਦਰਸਾਉਂਦਾ ਹੈ। ਉਦਾਹਰਣ ਲਈ ਇਬਰਾਨੀਆਂ ਦੀ ਕਿਤਾਬ ਦੇ ਲੇਖਕ ਨੇ ਲੇਵੀ ਯਾਜਕਾਂ ਦੀ ਸੇਵਕਾਈ ਤੋਂ ਉੱਪਰ ਯਿਸੂ ਦੀ ਸੇਵਕਾਈ ਨੂੰ ਵਿਖਾਉਣ ਦਾ ਸੰਕੇਤ ਦਿੱਤਾ: ''ਅਤੇ ਹਰੇਕ ਜਾਜਕ ਨਿੱਤ ਖੜਾ ਹੋ ਕੇ ਉਪਾਸਨਾ ਕਰਦਾ ਹੈ ਅਤੇ ਇੱਕੋ ਪ੍ਰਕਾਰ ਦੇ ਬਲੀਦਾਨ ਜਿਹੜੇ ਪਾਪਾਂ ਨੂੰ ਕਦੇ ਲੈ ਜਾ ਨਹੀਂ ਸਕਦੇ ਵਾਰ ਵਾਰ ਚੜ੍ਹਾਉਂਦਾ ਹੈ। ਪਰ [ਮਸੀਹ] ਉਹ ਪਾਪਾਂ ਦੇ ਬਦਲੇ ਇੱਕੋ ਬਲੀਦਾਨ ਸਦਾ ਲਈ ਚੜ੍ਹਾ ਕੇ ਪਰਮੇਸ਼ੁਰ ਦੇ ਸੱਜੇ ਪਾਸੇ ਬਿਰਜਮਾਨ ਹੋਇਆ'' (ਇਬਰਾਨੀਆਂ 10:11, 12)।

ਬਚਾਉਣ ਦਾ ਯਿਸੂ ਦਾ ਕੰਮ ਸਲੀਬ ਉੱਤੇ ਪੂਰਾ ਹੋ ਗਿਆ ਸੀ, ਜਿਸ ਕਰਕੇ ਉਹ ਖ਼ੁਦਾ ਦੇ ਸੱਜੇ ਹੱਥ ਜਾ ਬੈਠਾ। ਸਾਡੇ ਛੁਟਕਾਰੇ ਅਤੇ ਮੀਰਾਸ ਨੂੰ ਸੁਰੱਖਿਅਤ ਰੱਖਣ ਲਈ ਉਹਦੇ ਲਈ ਕਰਨ ਵਾਸਤੇ ਕੁਝ ਨਹੀਂ ਰਹਿ ਗਿਆ ਸੀ। ਛੁਟਕਾਰੇ ਦਾ ਉਸ ਦਾ ਕੰਮ ਪੂਰਾ ਹੋ ਚੁੱਕਿਆ ਹੈ ਅਤੇ ਹੁਣ ਉਹ ਸਾਡੀ ਹਮੇਸ਼ਾ ਦੀ ਜ਼ਿੰਦਗੀ ਨੂੰ ਖ਼ਰੀਦ ਕੇ ਅਰਾਮ ਕਰ ਸਕਦਾ ਹੈ।

ਪੌਲੁਸ ਨੇ ਐਲਾਨ ਕੀਤਾ ਕਿ ਹੁਣ ਅਸੀਂ ਸੁਰਗੀ ਥਾਂਵਾਂ ਵਿਚ ਯਿਸੂ ਦੇ ਨਾਲ ਬੈਠੇ ਹਾਂ। ਸਾਨੂੰ

ਸੁਰਗ ਵਿਚ ਆਪਣਾ ਥਾਂ ਸੁਰੱਖਿਅਤ ਰੱਖਣ ਦੀ ਵੱਸੋ ਬਾਹਰ ਹੋ ਕੇ ਕੋਸ਼ਿਸ਼ ਕਰਨ ਦੀ ਲੋੜ ਨਹੀਂ ਹੈ। ਯਿਸੂ ਵਿਚ ਹਮੇਸ਼ਾ ਦੀ ਜ਼ਿੰਦਗੀ ਸਾਨੂੰ ਪਹਿਲਾਂ ਹੀ ਮਿਲ ਚੁੱਕੀ ਹੈ। ਅਸੀਂ ਉਸ ਵਿਚ ਅਰਾਮ ਕਰਦੇ ਹਾਂ ਜਿਸ ਨੇ ਬਹੁਤ ਪਹਿਲਾਂ ਪੁਕਾਰਿਆ ਸੀ, ''ਪੂਰਾ ਹੋਇਆ ਹੈ!'' ਖ਼ੁਦਾ ਦੀ ਕਿਰਪਾ ਨਾਲ ਸਾਡਾ ਬਚਾਇਆ ਜਾਣਾ ਸਲੀਬ ਉੱਤੇ ਸੁਰੱਖਿਅਤ ਕੀਤਾ ਗਿਆ ਹੈ

*ਸਾਡੇ ਲਈ ਸੰਭਾਵਨਾ।* ਸਾਡੇ ਬਚਾਏ ਜਾਣ ਦਾ ਕੰਮ ਪੂਰਾ ਹੋ ਚੁੱਕਿਆ ਹੈ, ਅਸੀਂ ਖ਼ੁਦਾ ਦੀਆਂ ਟ੍ਰੋਫ਼ੀਆਂ ਬਣ ਗਏ ਹਾਂ: ''ਭਈ ਦਿਆਲਗੀ ਨਾਲ ਜੋ ਮਸੀਹ ਯਿਸੂ ਵਿਚ ਸਾਡੇ ਉੱਤੇ ਹੈ ਉਹ ਆਉਣ ਵਾਲਿਆਂ ਜੁੱਗਾਂ ਵਿਚ ਆਪਣੀ ਕਿਰਪਾ ਦਾ ਬੇਹੱਦ ਧਨ ਉਜਾਗਰ ਕਰੇ'' (2:7)। ਅਬਦੀ ਭਵਿੱਖ ਦੇ ਆਉਣ ਵਾਲੇ ਯੁੱਗਾਂ ਵਿਚ ਛੁਡਾਏ ਹੋਏ ਲੋਕ ਸੁਰਗੀ ਫੌਜਾਂ ਦੇ ਅੱਗੇ ਖ਼ੁਦਾ ਦੀ ਅਨੋਖੀ ਕਿਰਪਾ ਦੀਆਂ ਟ੍ਰਾਫ਼ੀਆਂ ਦੇ ਰੂਪ ਵਿਚ ਰੱਖੇ ਜਾਣਗੇ। ਫ਼ਰਿਸ਼ਤੇ ਖ਼ੁਦਾ ਦੀ ਕਿਰਪਾ ਤੇ ਬੇਹੱਦ ਮਹਾਨ ਹੋਣ ਨੂੰ ਵੇਖ ਕੇ ਦੰਗ ਹੋਣਗੇ। ਉਹ ਭੈਅ ਨਾਲ ਖਲੋਤੇ ਹੋਣਗੇ ਕਿ ਸਾਡਾ ਪਵਿੱਤਰ ਪਰਮੇਸ਼ੁਰ ਸਾਡੇ ਵਰਗੇ ਅਪਵਿੱਤਰ ਲੋਕਾਂ ਨੂੰ ਬਚਾਉਣ ਲਈ ਵੀ ਰਾਹ ਕੱਢ ਸਕਦਾ ਹੈ (ਪ੍ਰਕਾਸ਼ ਦੀ ਪੋਥੀ 7:9–12)।

1. ਖ਼ੁਦਾ ਦੀ ਯੋਜਨਾ (2:8, 9)। ਜੇ ਅਸੀਂ ਖ਼ੁਦਾ ਨੂੰ ਵਡਿਆਈ ਦੇਣ ਲਈ ਅਬਦੀ ਵਿਖਾਵਾ ਬਣਨਾ ਚਾਹੁੰਦੇ ਹਾਂ ਤਾਂ ਉਸ ਕੋਲ ਸਾਡੇ ਬਚਾਏ ਜਾਣ ਨੂੰ ਪੂਰਾ ਕਰਨ ਦੀ ਯੋਜਨਾ ਹੋਣੀ ਜ਼ਰੂਰੀ ਹੈ ਜਿਸ ਉੱਤੇ ਕੋਈ ਘਮੰਡ ਨਾ ਕਰ ਸਕੇ। ਉਸ ਦੀ ਯੋਜਨਾ ਕੀ ਹੈ? ਪੌਲੁਸ ਨੇ ਕਿਹਾ, ''ਕਿਉਂ ਜੋ ਤੁਸੀਂ ਕਿਰਪਾ ਤੋਂ ਨਿਹਚਾ ਦੇ ਰਾਹੀਂ *ਬਚਾਏ ਗਏ* ਅਤੇ ਇਹ ਤੁਹਾਡੀ ਵੱਲੋਂ ਨਹੀਂ, ਇਹ ਪਰਮੇਸ਼ੁਰ ਦੀ ਬਖ਼ਸ਼ੀਸ਼ ਹੈ। ਇਹ ਕਰਨੀਆਂ ਤੋਂ ਨਹੀਂ ਅਜਿਹਾ ਨਾ ਹੋਵੇ ਭਈ ਕੋਈ ਘੁਮੰਡ ਕਰੇ'' (2:8, 9)।

ਕਿਰਪਾ ਨਾਲ ਬਚਾਏ ਜਾਣ ਦਾ ਕੀ ਮਤਲਬ ਹੈ? ਇਸ ਦਾ ਮਤਲਬ ਹੈ ਕਿ ਖ਼ੁਦਾ ਨੂੰ ਕਿਸੇ ਨੂੰ ਬਚਾਉਣ ਦੀ ਲੋੜ ਨਹੀਂ ਸੀ। ਉਹ ਸਾਨੂੰ ਮਰਨ ਦੇ ਕੇ ਅਨਾਦੀਕਾਲ ਤਕ ਨਰਕ ਵਿਚ ਜਾਣ ਦੇ ਸਕਦਾ ਸੀ ਅਰ ਇਸਦੇ ਬਾਵਜੂਦ ਉਹ ਪਵਿੱਤਰ ਹੀ ਰਹਿਣਾ ਸੀ। ਉਹ ਸਾਨੂੰ ਪਿਆਰ ਕਰਦਾ ਹੈ, ਇਸ ਕਰਕੇ ਉਸ ਨੇ ਸਾਡੇ ਲਈ ਆਪਣੀ ਮਰਜ਼ੀ ਨਾਲ ਉਹ ਕਰਨਾ ਚੁਣਿਆ ਜਿਸ ਨੂੰ ਕਰਨ ਦਾ ਉਹ ਦੇਣਦਾਰ ਨਹੀਂ ਸੀ। ਕਿਰਪਾ ਖ਼ੁਦਾ ਦੇ ਮਨੁੱਖ ਲਈ ਆਪਣੀ ਮਰਜ਼ੀ ਨਾਲ ਉਹ ਕਰਨ ਦਾ ਫੈਸਲਾ ਲੈਣ ਦਾ ਨਤੀਜਾ ਹੈ ਜੋ ਮਨੁੱਖ ਆਪਣੇ ਲਈ ਨਹੀਂ ਕਰ ਸਕਦਾ ਸੀ।

ਇਸ ਦੀ ਇੱਕੋ ਇੱਕ ਸ਼ਰਤ ਆਗਿਆਕਾਰੀ ਵਿਸ਼ਵਾਸ ਵਿਖਾਉਣਾ ਹੈ। ਸਾਨੂੰ ਇਹ ਵਿਸ਼ਵਾਸ ਕਰਦਿਆਂ ਕਿ ਜਦ ਅਸੀਂ ਉਸ ਦੀ ਯੋਜਨਾ ਨੂੰ ਹੁਕਮ ਮੰਨਦੇ ਹੋਏ ਕਬੂਲ ਕਰਦੇ ਹਾਂ ਤਾਂ ਖ਼ੁਦਾ ਸਾਨੂੰ ਮਾਫ਼ ਕਰਕੇ ਸਾਨੂੰ ਨਵੀਂ ਜ਼ਿੰਦਗੀ ਦੇ ਦਵੇਗਾ, ਬਚਾਏ ਜਾਣ ਦੀ ਖ਼ੁਦਾ ਦੀ ਯੋਜਨਾ ਨੂੰ ਕਬੂਲ ਕਰਨਾ ਜ਼ਰੂਰੀ ਹੈ।

ਇਹ ਯੋਜਨਾ ਕੀ ਹੈ ਜਿਹੜੀ ਖ਼ੁਦਾ ਸਾਥੋਂ ਚਾਹੁੰਦਾ ਹੈ ਕਿ ਅਸੀਂ ਇਸ ਨੂੰ ਕਬੂਲ ਕਰੀਏ? ਇਹ ਉਹੀ ਯੋਜਨਾ ਹੈ ਜਿਹੜੀ ਪੈਂਟੀਕਾਸਟ ਵਾਲੇ ਦਿਨ ਪਤਰਸ ਵੱਲੋਂ ਪਹਿਲੀ ਵਾਰ ਇੰਜੀਲ ਦਾ ਸੰਦੇਸ਼ ਦਿੱਤੇ ਜਾਣ ਤੇ ਦੱਸੀ ਗਈ ਸੀ: ''ਤਦ ਪਤਰਸ ਨੇ ਉਨ੍ਹਾਂ ਨੂੰ ਆਖਿਆ, ਤੌਬਾ ਕਰੋ ਅਤੇ ਤੁਹਾਡੇ ਵਿੱਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ ਯਿਸੂ ਮਸੀਹ ਦੇ ਨਾਮ ਉੱਤੇ ਬਪਤਿਸਮਾ ਲਵੇ ਤਾਂ ਪਵਿੱਤਰ ਆਤਮਾ ਦਾ ਦਾਨ ਪਾਓਗੇ'' (ਰਸੂਲਾਂ ਦੇ ਕੰਮ 2:38)।

ਖ਼ੁਦਾ ਦੀ ਯੋਜਨਾ ਉਸ ਦੀ ਕਿਰਪਾ ਨਾਲ ਢਾਲੀ ਗਈ ਸੀ। ਸਾਡੀਆਂ ਜ਼ਿੰਦਗੀਆਂ ਵਿਚ ਇਹ ਹਕੀਕਤ ਉਦੋਂ ਬਣਦੀ ਹੈ ਜਦੋਂ ਅਸੀਂ ਇਸ ਨੂੰ ਵਿਸ਼ਵਾਸ ਦੇ ਰਾਹੀਂ ਮੰਨਦੇ ਹਾਂ।

2. ਖ਼ੁਦਾ ਦੀ ਮੰਸ਼ਾ (2:10)। ਉਸ ਸਮੇਂ ਦੀ ਰਾਹ ਤੱਕਦਿਆਂ ਜਦੋਂ ਸਾਨੂੰ ਖ਼ੁਦਾ ਦੀ ਕਿਰਪਾ ਦੀਆਂ ਟ੍ਰਾਫ਼ੀਆਂ ਦੇ ਰੂਪ ਵਿਚ ਰੱਖਿਆ ਜਾਵੇਗਾ, ਸਾਨੂੰ ਕੀ ਕਰਨਾ ਚਾਹੀਦਾ ਹੈ? ''ਕਿਉਂ ਜੋ ਅਸੀਂ ਉਹ ਦੀ ਰਚਨਾ ਹਾਂ ਜਿਹੜੇ ਮਸੀਹ ਯਿਸੂ ਵਿਚ ਸ਼ੁਭ ਕਰਮਾਂ ਲਈ ਰਚੇ ਗਏ ਜੋ ਪਰਮੇਸ਼ੁਰ ਨੇ ਅੱਗੋਂ ਹੀ ਤਿਆਰ ਕੀਤੇ ਸਨ ਭਈ ਅਸੀਂ ਉਨ੍ਹਾਂ ਵਿਚ ਲੱਗੇ ਰਹੀਏ'' (2:10)।

ਸਾਡਾ ਬਚਾਇਆ ਜਾਣਾ ਸ਼ੁੱਭ ਕਰਮਾ ਨਾਲ ਨਹੀਂ ਹੋਇਆ। ਕਲੀਸੀਆ ਵਿਚ ਹਾਜ਼ਰੀ, ਹਰ ਹਫ਼ਤੇ ਪ੍ਰਭੂ ਭੋਜ ਵਿਚ ਭਾਗ ਲੈਣਾ, ਦਸ ਹੁਕਮਾਂ ਨੂੰ ਮੰਨਣਾ, ਚੰਗੇ ਗੁਆਂਢੀ ਬਣਨਾ, ਸਦਾਚਾਰੀ, ਆਦਰਯੋਗ ਜ਼ਿੰਦਗੀ ਜੀਣਾ ਸਾਨੂੰ ਸੁਰਗ ਵਿਚ ਨਹੀਂ ਲਿਜਾਵੇਗਾ।

ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਖ਼ੁਦਾ ਨਹੀਂ ਚਾਹੁੰਦਾ ਕਿ ਸਾਡੇ ਕੰਮ ਚੰਗੇ ਹੋਣ। ਆਇਤ 10 ਦੱਸਦੀ ਹੈ ਕਿ ਸਾਡਾ ਬਚਾਇਆ ਜਾਣਾ ਕਿਰਪਾ ਨਾਲ ਹੋਇਆ ਹੈ ਤਾਂ ਜੋ ਅਸੀਂ ਸ਼ੁੱਭ ਕਰਮ ਕਰ ਸਕੀਏ। ਅਫ਼ਸੀਆਂ 4–6 ਵਿਚ ਪੌਲੁਸ ਨੇ ਉਨ੍ਹਾਂ ਸ਼ੁੱਭ ਕਰਮਾਂ ਦੀ ਗੱਲ ਦੱਸੀ ਹੈ ਜਿਹੜੇ ਅਸਾਂ ਕਰਨੇ ਹਨ, ਜਿਹੜੇ ਸਾਨੂੰ ਆਪਣੇ ਸਮਾਜ ਵਿਚ ਚੱਲ ਰਹੇ ਮੁਰਦਿਆਂ ਨਾਲੋਂ ਅੱਡ ਕਰਨਗੇ। ਖ਼ੁਦਾ ਸਾਨੂੰ ਨਵੀਂ ਜ਼ਿੰਦਗੀ ਇਸ ਕਰਕੇ ਨਹੀਂ ਦਿੰਦਾ ਹੈ ਕਿ ਅਸੀਂ ਜਿਵੇਂ ਚਾਹੀਏ ਉਵੇਂ ਜ਼ਿੰਦਗੀ ਕਟੀਏ। ਉਹ ਸਾਨੂੰ ਨਵੀਂ ਜ਼ਿੰਦਗੀ ਦਿੰਦਾ ਹੈ ਤਾਂ ਜੋ ਅਸੀਂ ਉਸ ਨੂੰ ਵਡਿਆਈ ਦਈਏ। ਆਪਣੀ ਕਿਰਪਾ ਦੀਆਂ ਟ੍ਰਾਫ਼ੀਆਂ ਬਣਾਉਣ ਲਈ ਸਾਨੂੰ ਚੁਣਨ ਦਾ ਇਹ ਕਾਰਣ ਹੈ।

*ਸਾਰ।* ਅਖ਼ੀਰ ਵਿਚ ਹਰ ਕੋਈ ਕਿਸੇ ਨਾ ਕਿਸੇ ਦੀ ਟ੍ਰਾਫ਼ੀ ਬਣੇਗਾ। ਜਿਹੜੇ ਲੋਕ ਖ਼ੁਦਾ ਦਾ ਵਿਰੋਧ ਕਰਦੇ ਰਹਿੰਦੇ ਹਨ ਅਤੇ ਇਹ ਜ਼ਿੰਦਗੀ ਪਾਪ ਵਿਚ ਮਰੇ ਹੋਏ ਕੱਟ ਦਿੰਦੇ ਹਨ, ਉਹ ਸ਼ੈਤਾਨ ਦੇ ਕਪਟਾਂ ਦੀਆਂ ਟ੍ਰਾਫ਼ੀਆਂ ਦੇ ਰੂਪ ਵਿਚ ਹਮੇਸ਼ਾ ਤਕ ਰਹਿਣਗੇ। ਇਸਦੇ ਉਲਟ ਵਿਸ਼ਵਾਸ ਵਿਚ ਮਸੀਹ ਦੀ ਗੱਲ ਮੰਨਣ ਵਾਲਾ ਆਦਮੀ ਖ਼ੁਦਾ ਦੀ ਬਚਾਉਣ ਵਾਲੀ ਕਿਰਪਾ ਦੀ ਹਮੇਸ਼ਾ ਦੀ ਟ੍ਰਾਫ਼ੀ ਬਣ ਜਾਂਦਾ ਹੈ।

ਕ੍ਰਿਸ ਬੁਲਰਡ

---

ਟਿੱਪਣੀਆਂ

[1]ਕੈਨਥ ਐਸ. ਵੂਏਸਟ, *ਵੂਏਸਟ'ਜ਼ ਵਰਡ ਸਟੱਡੀਜ਼ ਫ਼ਰਾਮ ਦ ਗ੍ਰੀਕ ਨਿਊ ਟੈਸਟਾਮੈਂਟ ਫ਼ਾਰ ਦ ਇੰਗਲਿਸ਼ ਰੀਡਰ: ਇਫ਼ੀਸ਼ੀਅੰਜ਼ ਐਂਡ ਕੋਲੋਸੀਅੰਜ਼* (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1953), 65. [2]ਵਿਲੀਅਮ ਬਾਰਕਲੇ, *ਮੋਰ ਨਿਊ ਟੈਸਟਾਮੈਂਟ ਵਰਡਜ਼* (ਨਿਊ ਯਾਰਕ: ਹਾਰਪਰ ਐਂਡ ਬ੍ਰਦਰਜ਼ ਕੰ., 1958), 11–24. [3]ਉਹੀ, 21. [4]ਵੂਏਸਟ, 66. [5]ਸਪਾਇਰਸ ਜ਼ੋਡਿਏਟਸ, ਸੰਪਾ., *ਦ ਕੰਪਲੀਟ ਵਰਡ ਸਟੱਡੀ ਨਿਊ ਟੈਸਟਾਮੈਂਟ,* ਜਿਲਦ ਦੂਜੀ (ਚਟਨੂਗਾ, ਟੈਨਿਸੀ: ਏਐਮਜੀ ਪਬਲੀਸ਼ਰਜ਼, 1992), 967. [6]ਐਂਡ੍ਰਿਊ ਟੀ. ਲਿੰਕਨ, *ਇਫ਼ੀਸ਼ੀਅੰਜ਼,* ਵਰਡ ਬਿਬਲੀਕਲ ਕਮੈਂਟਰੀ, ਜਿਲਦ 42 (ਡਲਾਸ: ਵਰਡ ਬੁਕਸ, 1990), 110. [7]ਉਹੀ। [8]ਐਥਲਬਰਟ ਡਬਲਯੂ. ਬੁਲਿੰਗਰ, *ਏ ਕ੍ਰਿਟਿਕਲ ਲੈਕਸੀਕਨ ਐਂਡ ਕੰਕੌਰਡੈਂਸ ਟੂ ਦ ਇੰਗਲਿਸ਼ ਐਂਡ ਗ੍ਰੀਕ ਨਿਊ ਟੈਸਟਾਮੈਂਟ* (ਲੰਦਨ: ਸੈਮੁਏਲ ਬੈਗਸਟਰ ਐਂਡ ਸੰਜ਼, ਮਿਤੀ ਰਹਿਤ; ਰੀਪ੍ਰਿੰਟ, ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, ਰੀਜੈਂਸੀ ਰੈਫ਼ਰੈਂਸ ਲਾਇਬ੍ਰੇਰੀ, 1975), 95. [9]ਸੀ. ਜੀ. ਵਿਲਕੇ ਐਂਡ ਵਿਲਬਲਡ ਗ੍ਰਿਮ, *ਏ ਗ੍ਰੀਕ–ਇੰਗਲਿਸ਼ ਲੈਕਸੀਕਨ ਆਫ਼ ਦ ਨਿਊ ਟੈਸਟਾਮੈਂਟ*, ਅਨੁ. ਅਤੇ ਸੋਧ ਜੋਜ਼ਫ਼ ਹੈਨਰੀ ਥੇਅਰ (ਐਡਿਨਬਰਗ: ਟੀ. ਐਂਡ ਟੀ. ਕਲਾਰਕ, 1901; ਰੀਪ੍ਰਿੰਟ, ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕ ਹਾਊਸ, 1977), 511; ਵਾਲਟਰ ਬਾਉਰ, *ਏ ਗ੍ਰੀਕ–ਇੰਗਲਿਸ਼ ਐਕਸੀਕਨ ਆਫ਼ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸਚਿਅਨ ਲਿਟਰੇਚਰ,* ਜਿਲਦ 3ਜੀ, ਸੋਧ ਅਤੇ ਸੰਪਾ. ਫ਼੍ਰੈਡਰਿਕ ਵਿਲੀਅਮ ਡੈਂਕਰ (ਸ਼ਿਕਾਗੋ: ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈੱਸ, 2000), 816–18 ਵੀ ਵੇਖੋ।